ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

YouTube https://youtu.be/LQwolgxDu7I

awazeqaumtvpunjab@gmail.com

ਬੁੱਧਵਾਰ, 8 ਮਈ 2024 (ਨਾਨਕਸ਼ਾਹੀ ਸੰਮਤ : ੫੫੬, ੨੬ ਵੇਸਾਖ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ. ਕੇ., ਸੰਪਰਕ : +447458381111,+447976210161,+919729091243




## ਸ਼ੰਭੂ ਬਾਰਡਰ 'ਤੇ ਇੱਕ ਹੋਰ ਕਿਸਾਨ ਦੀ ਮੌਤ, ਹੁਣ ਤੱਕ 20 ਕਿਸਾਨ ਸ਼ਹੀਦ

**ਸ਼ੰਭੂ ਬਾਰਡਰ, 7 ਮਈ (ਆਵਾਜ਼ਿ ਕੌਮ ਬਿਊਰੋ)**-ਸ਼ੰਭੂ ਬਾਰਡਰ 'ਤੇ ਜਾਰੀ ਕਿਸਾਨਾਂ ਦੇ ਅੰਦੋਲਨ ਵਿੱਚ ਕਿਸਾਨਾਂ ਦੀ ਮੌਤ ਦਾ ਅੰਕੜਾ ਲਗਾਤਾਰ ਵਧਦਾ ਜਾ ਰਿਹਾ ਹੈ। ਅੱਜ ਸਵੇਰੇ ਤਰਨ ਤਰਨ ਨਾਲ ਸਬੰਧਤ ਭਾਰਤੀ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਮੈਂਬਰ ਜਸਵੰਤ ਸਿੰਘ ਦੀ ਅਚਾਨਕ ਤਬੀਅਤ ਖਰਾਬ ਹੋ ਗਈ। ਇਸ ਤੋਂ ਬਾਅਦ ਉਨ੍ਹਾਂ ਨੂੰ ਰਾਜਪੁਰਾ ਦੇ ਸਰਕਾਰੀ ਹਸਪਤਾਲ ਲਿਆਂਦਾ ਗਿਆ ਜਿੱਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਕਿਸਾਨ ਆਗੂ ਤਜਿੰਦਰ ਸਿੰਘ ਲੀਲਾ ਨੇ ਦੱਸਿਆ ਕਿ ਲਗਾਤਾਰ ਕਿਸਾਨ ਆਪਣੀਆਂ ਮੰਗਾਂ ਨੂੰ ਲੈ ਕੇ ਸੰਘਰਸ਼ ਕਰ ਰਹੇ ਹਨ ਪਰ ਸਰਕਾਰਾਂ ਦੇ ਕੰਨਾਂ 'ਤੇ ਜੂੰ ਨਹੀਂ ਸਰਕ ਰਹੀ। ਉਨ੍ਹਾਂ ਨੇ ਕਿਹਾ ਕਿ ਪਹਿਲਾਂ ਵੀ ਦਿੱਲੀ ਅੰਦੋਲਨ ਦੌਰਾਨ 750 ਤੋਂ ਵੱਧ ਕਿਸਾਨਾਂ ਵੱਲੋਂ ਆਪਣੀ ਸ਼ਹਾਦਤ ਦਿੱਤੀ ਗਈ ਸੀ। ਹੁਣ ਵੀ ਸਰਕਾਰ ਕਿਸਾਨਾਂ ਦਾ ਇਮਤਿਹਾਨ ਲੈ ਰਹੀ ਹੈ। ਉਧਰ, ਪੰਜਾਬ ਤੇ ਹਰਿਆਣਾ ਦੀਆਂ ਹੱਦਾਂ 'ਤੇ ਚੱਲ ਰਹੇ ਕਿਸਾਨ ਅੰਦੋਲਨ ਦੌਰਾਨ ਜ਼ਿਲ੍ਹਾ ਬਠਿੰਡਾ ਦੇ ਪਿੰਡ ਬੱਲ੍ਹੋ ਦੇ ਨੌਜਵਾਨ ਕਿਸਾਨ ਸ਼ੁਭਕਰਨ ਦੀ ਮੌਤ ਦੀ ਜਾਂਚ ਲਈ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੀ ਸਾਬਕਾ ਜੱਜ ਜੈਸ੍ਰੀ ਠਾਕੁਰ ਦੀ ਅਗਵਾਈ ਹੇਠ ਬਣਾਈ ਕਮੇਟੀ ਨੇ ਸੋਮਵਾਰ ਨੂੰ ਚੰਡੀਗੜ੍ਹ ਦੇ ਕਿਸਾਨ ਭਵਨ ਵਿੱਚ ਕਿਸਾਨਾਂ ਨਾਲ ਗੱਲਬਾਤ ਕੀਤੀ ਤੇ ਉਨ੍ਹਾਂ ਦੇ ਬਿਆਨ ਦਰਜ ਕੀਤੇ। ਕਮੇਟੀ ਵੱਲੋਂ ਕਿਸਾਨ ਆਗੂ ਅਭਿਮੰਨਿਊ ਕੋਹਾੜ ਤੇ ਪਿੰਡ ਬੱਲ੍ਹੋ ਦੇ ਗੁਰਪ੍ਰੀਤ ਸਿੰਘ ਦੇ ਬਿਆਨ ਲਏ ਗਏ। ਕਮੇਟੀ ਨੇ ਕਿਸਾਨਾਂ ਨੂੰ 20 ਮਈ ਨੂੰ ਮੁੜ ਸੱਦਿਆ ਹੈ। ਉਸ ਦਿਨ ਢਾਈ ਦਰਜਨ ਕਿਸਾਨਾਂ ਵੱਲੋਂ ਆਪਣੇ ਬਿਆਨਾਂ ਦੇ ਹਲਫਨਾਮੇ ਤੇ ਹੋਰ ਸਬੂਤ ਕਮੇਟੀ ਕੋਲ ਜਮ੍ਹਾਂ ਕਰਵਾਏ ਜਾਣਗੇ।

## ਪਹਿਲਾਂ ਬੀਬੀ ਖਾਲੜਾ ਤੇ ਹੁਣ ਅੰਮ੍ਰਿਤਪਾਲ ਸਿੰਘ

# ਪੰਥਕ ਸੀਟ ਤੋਂ ਚੋਣ ਲੜਨ ਦੀ ਕੀ ਵਜ੍ਹਾ ?

**ਅੰਮ੍ਰਿਤਸਰ, 7 ਮਈ (ਆਵਾਜ਼ਿ ਕੌਮ ਬਿਊਰੋ)**-ਅੰਮ੍ਰਿਤਪਾਲ ਸਿੰਘ ਦੇ ਖਡੂਰ ਸਾਹਿਬ ਤੋਂ ਲੋਕ ਸਭਾ ਚੋਣਾਂ



ਲੜਨ ਨੂੰ ਲੈ ਕੇ ਉਨ੍ਹਾਂ ਦੇ ਪਿਤਾ ਤਰਸੇਮ ਸਿੰਘ ਨੇ ਵੱਡਾ ਦਾਅਵਾ ਕੀਤਾ ਹੈ। ਤਰਸੇਮ ਸਿੰਘ ਨੇ ਕਿਹਾ ਕਿ ਅੰਮ੍ਰਿਤਪਾਲ ਸਿੰਘ ਚੋਣਾਂ ਲੜਨ ਲਈ ਰਾਜ਼ੀ ਨਹੀਂ ਸੀ ਪਰ ਸੰਗਤ ਦੇ ਕਹਿਣ ਉੱਤੇ ਉਨ੍ਹਾਂ ਨੇ ਆਪਣਾ ਮਨ ਬਦਲ ਲਿਆ। ਸੰਗਤ ਚਾਹੁੰਦੀ ਸੀ ਕਿ ਅੰਮ੍ਰਿਤਪਾਲ ਸਿੰਘ ਚੋਣ ਮੈਦਾਨ ਵਿੱਚ ਉੱਤਰੇ। ਅੰਮ੍ਰਿਤਪਾਲ ਸਿੰਘ ਖਡੂਰ ਸਾਹਿਬ ਲੋਕ ਸਭਾ ਹਲਕੇ ਤੋਂ ਆਜ਼ਾਦ ਉਮੀਦਵਾਰ ਵਜੋਂ ਲੋਕ ਸਭਾ ਚੋਣ ਲੜਨਗੇ। ਤਰਸੇਮ ਸਿੰਘ ਨੇ ਕਿਹਾ, "ਅੰਮ੍ਰਿਤਪਾਲ ਸਿੰਘ ਚੋਣ ਨਹੀਂ ਲੜਨਾ ਚਾਹੁੰਦੇ ਸਨ ਪਰ ਉਨ੍ਹਾਂ ਕਿਹਾ ਕਿ ਜੇਕਰ ਚੋਣ ਲੜਨਾ 'ਸੰਗਤ' ਦਾ ਫੈਸਲਾ ਹੈ ਤਾਂ ਉਹ ਆਪਣਾ ਫੈਸਲਾ ਬਦਲ ਕੇ 'ਸੰਗਤ' ਅੱਗੇ ਝੁਕਣਗੇ।" ਅੰਮ੍ਰਿਤਪਾਲ ਸਿੰਘ ਨੂੰ ਪਿਛਲੇ ਸਾਲ ਅਪ੍ਰੈਲ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਉਸ ਖ਼ਿਲਾਫ਼ ਸਖ਼ਤ ਕੌਮੀ ਸੁਰੱਖਿਆ ਕਾਨੂੰਨ (ਐਨ. ਐਸ. ਏ.) ਲਗਾਇਆ ਗਿਆ ਸੀ। ਉਹ ਆਪਣੇ ਨੌਂ ਸਾਥੀਆਂ ਸਮੇਤ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਹੈ।

**ਖਡੂਰ ਸਾਹਿਬ ਤੋਂ ਕੌਣ-ਕੌਣ ਉਮੀਦਵਾਰ** : ਪਰਮਜੀਤ ਕੌਰ ਖਾਲੜਾ ਨੇ 2019 ਦੀਆਂ ਲੋਕ ਸਭਾ ਚੋਣਾਂ ਵਿੱਚ ਖਡੂਰ ਸਾਹਿਬ ਸੀਟ ਤੋਂ ਚੋਣ ਲੜੀ ਸੀ ਪਰ ਹਾਰ ਗਏ ਸੀ। ਇਸ ਦੌਰਾਨ ਖਡੂਰ ਸਾਹਿਬ ਸੀਟ ਤੋਂ ਅੰਮ੍ਰਿਤਪਾਲ ਸਿੰਘ ਦੇ ਉਮੀਦਵਾਰ ਨੂੰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦਾ ਸਮਰਥਨ ਮਿਲਿਆ, ਜਿਸ ਨੇ ਹਲਕੇ ਤੋਂ ਆਪਣਾ ਉਮੀਦਵਾਰ ਵਾਪਸ ਲੈ ਲਿਆ। ਸ਼੍ਰੋਮਣੀ ਅਕਾਲੀ ਦਲ ਨੇ ਸਾਬਕਾ ਵਿਧਾਇਕ ਵਿਰਸਾ ਸਿੰਘ ਵਲਟੋਹਾ ਨੂੰ ਮੈਦਾਨ ਵਿੱਚ ਉਤਾਰਿਆ ਹੈ, ਜਦਕਿ 'ਆਪ' ਨੇ ਲਾਲਜੀਤ ਸਿੰਘ ਭੁੱਲਰ ਨੂੰ ਮੈਦਾਨ ਵਿੱਚ ਉਤਾਰਿਆ ਹੈ। ਇਸ ਸੀਟ ਤੋਂ ਭਾਜਪਾ ਉਮੀਦਵਾਰ ਮਨਜੀਤ ਸਿੰਘ ਮੰਨਾ ਮੀਆਂਵਿੰਡ ਹਨ। ਕਾਂਗਰਸ ਨੇ ਇਸ ਸੀਟ ਤੋਂ ਸਾਬਕਾ ਵਿਧਾਇਕ ਕੁਲਬੀਰ ਸਿੰਘ ਜ਼ੀਰਾ ਨੂੰ ਉਮੀਦਵਾਰ ਬਣਾਇਆ ਹੈ।

**ਅੰਮ੍ਰਿਤਪਾਲ ਸਿੰਘ ਦਾ ਕੀ ਹੈ ਚੁਣਾਵੀ ਏਜੰਡਾ** : ਅੰਮ੍ਰਿਤਪਾਲ ਸਿੰਘ ਦੇ ਪਿਤਾ ਨੇ ਕਿਹਾ ਕਿ ਉਹ 'ਬੰਦੀ ਸਿੰਘ' ਜਾਂ ਸਜ਼ਾ ਪੂਰੀ ਕਰ ਚੁੱਕੇ ਸਿੱਖ ਕੈਦੀਆਂ ਦੀ ਰਿਹਾਈ ਦੇ ਨਾਲ-ਨਾਲ ਨਸ਼ਾਖੋਰੀ ਦਾ ਮੁੱਦਾ ਵੀ ਉਠਾਉਣਗੇ। ਉਨ੍ਹਾਂ ਕਿਹਾ ਕਿ ਅਸੀਂ ਜਿੱਥੇ ਵੀ ਜਾ ਰਹੇ ਹਾਂ, ਲੋਕ ਉਨ੍ਹਾਂ ਦਾ ਸਾਥ ਦੇ ਰਹੇ ਹਨ। ਤਰਸੇਮ ਸਿੰਘ ਨੇ ਦਾਅਵਾ ਕੀਤਾ ਕਿ ਭਾਵੇਂ ਸਰਕਾਰ ਨੇ ਉਨ੍ਹਾਂ ਨੂੰ ਬਦਨਾਮ ਕਰਨ ਦੀ ਪੂਰੀ ਕੋਸ਼ਸ਼ਿ ਕੀਤੀ ਪਰ ਲੋਕ ਉਨ੍ਹਾਂ ਦੇ ਨਾਲ ਹਨ। ਉਨ੍ਹਾਂ ਦੱਸਿਆ ਕਿ ਮਨੁੱਖੀ ਅਧਿਕਾਰ ਕਾਰਕੁਨ ਜਸਵੰਤ ਸਿੰਘ ਖਾਲੜਾ ਦੀ ਪਤਨੀ ਪਰਮਜੀਤ ਕੌਰ ਖਾਲੜਾ ਅੰਮ੍ਰਿਤਪਾਲ ਸਿੰਘ ਦੀ ਚੋਣ ਮੁਹਿੰਮ ਦੀ ਅਗਵਾਈ ਕਰੇਗੀ।

## ਤਿਹਾੜ 'ਚ ਹੀ ਰਹਿਣਗੇ ਕੇਜਰੀਵਾਲ, ਸੁਪਰੀਮ ਕੋਰਟ ਤੋਂ ਨਹੀਂ ਮਿਲੀ ਰਾਹਤ, 9 ਮਈ ਨੂੰ ਹੋਵੇਗੀ ਅਗਲੀ ਸੁਣਵਾਈ

**ਨਵੀਂ ਦਿੱਲੀ, 7 ਮਈ (ਆਵਾਜ਼ਿ ਕੌਮ ਬਿਊਰੋ)**-ਦਿੱਲੀ ਦੀ ਸ਼ਰਾਬ ਨੀਤੀ ਨਾਲ ਜੁੜੇ ਇੱਕ ਮਾਮਲੇ ਵਿੱਚ ਗ੍ਰਿਫ਼ਤਾਰ



ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਮੰਗਲਵਾਰ ਯਾਨੀ 7 ਮਈ 2024 ਨੂੰ ਵੀ ਸੁਪਰੀਮ ਕੋਰਟ ਤੋਂ ਰਾਹਤ ਨਹੀਂ ਮਿਲੀ ਹੈ। ਹੁਣ ਇਸ ਮਾਮਲੇ ਦੀ ਅਗਲੀ ਸੁਣਵਾਈ 9 ਮਈ ਨੂੰ ਹੋਵੇਗੀ। ਅਦਾਲਤ ਨੇ ਇਹ ਸਪੱਸ਼ਟ ਨਹੀਂ ਕੀਤਾ ਹੈ ਕਿ ਅੰਤ੍ਰਿਮ ਜ਼ਮਾਨਤ 'ਤੇ ਫੈਸਲਾ ਕਦੋਂ ਆਵੇਗਾ। ਜਸਟਿਸ ਸੰਜੀਵ ਖੰਨਾ ਅਤੇ ਜਸਟਿਸ ਦੀਪਾਂਕਰ ਦੱਤਾ ਦੀ ਬੈਂਚ ਨੇ ਮਾਮਲੇ ਦੀ ਸੁਣਵਾਈ ਦੌਰਾਨ ਈਡੀ ਤੋਂ ਕਈ ਸਵਾਲ ਵੀ ਪੁੱਛੇ। ਜੱਜਾਂ ਨੇ ਈਡੀ ਵੱਲੋਂ ਪੇਸ਼ ਹੋਏ ਐਡੀਸ਼ਨਲ ਸਾਲਿਸਿਟਰ ਜਨਰਲ ਐਸਵੀ ਰਾਜੂ ਨੂੰ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਦੀ ਗ੍ਰਿਫ਼ਤਾਰੀ ਤੋਂ ਪਹਿਲਾਂ ਅਤੇ ਬਾਅਦ ਵਿੱਚ ਕੇਸ ਦੀਆਂ ਫਾਈਲਾਂ ਪੇਸ਼ ਕਰਨ ਲਈ ਵੀ ਕਿਹਾ। ਈਡੀ ਨੂੰ ਸਵਾਲ ਕਰਦੇ ਹੋਏ ਅਦਾਲਤ ਨੇ ਕਿਹਾ ਕਿ ਕੁਝ ਚੀਜ਼ਾਂ ਨੂੰ ਸਾਹਮਣੇ ਲਿਆਉਣ ਲਈ ਦੋ ਸਾਲ ਲੱਗ ਗਏ। ਕੇਸ ਦੇ ਗਵਾਹਾਂ ਅਤੇ ਮੁਲਜ਼ਮਾਂ ਨੂੰ ਸਿੱਧੇ ਤੌਰ 'ਤੇ ਸਬੰਧਤ ਸਵਾਲ ਕਿਉਂ ਨਹੀਂ ਪੁੱਛੇ ਗਏ। ਅਦਾਲਤ ਵਿੱਚ ਕੇਂਦਰੀ ਜਾਂਚ ਏਜੰਸੀ ਦੀ ਨੁਮਾਇੰਦਗੀ ਕਰ ਰਹੇ ਐਡੀਸ਼ਨਲ ਸਾਲਿਸਟਰ ਜਨਰਲ ਐਸ ਵੀ ਰਾਜੂ ਨੇ ਕਿਹਾ ਕਿ ਸ਼ੁਰੂ ਵਿੱਚ ਕੇਜਰੀਵਾਲ ਕੇਸ ਦੀ ਜਾਂਚ ਦੇ ਕੇਂਦਰ ਵਿੱਚ ਨਹੀਂ ਸਨ, ਪਰ ਬਾਅਦ ਵਿੱਚ ਉਨ੍ਹਾਂ ਦਾ ਨਾਂ ਸਾਹਮਣੇ ਆਇਆ।

**ਈਡੀ ਨੇ ਕੀ ਕਿਹਾ ?** : ਐੱਸਵੀ ਰਾਜੂ ਨੇ ਦਾਅਵਾ ਕੀਤਾ ਕਿ 'ਆਪ' ਦੇ ਕੌਮੀ ਕਨਵੀਨਰ ਕੇਜਰੀਵਾਲ 2022 ਦੀਆਂ ਗੋਆ ਵਿਧਾਨ ਸਭਾ ਚੋਣਾਂ ਦੌਰਾਨ ਸੱਤ-ਸਿਤਾਰਾ ਹੋਟਲ ਵਿੱਚ ਠਹਿਰੇ ਹੋਏ ਸਨ। ਕੇਜਰੀਵਾਲ ਦੇ ਕੁਝ ਬਿੱਲਾਂ ਦਾ ਭੁਗਤਾਨ ਦਿੱਲੀ ਸਰਕਾਰ ਦੇ ਆਮ ਪ੍ਰਸ਼ਾਸਨ ਵਿਭਾਗ ਨੇ ਕੀਤਾ ਸੀ।

## ਮੁੱਖਮੰਤਰੀ ਹਰਿਆਣਾ ਗੁਰਦੁਆਰਾ ਨਰਾਇਣਗੜ੍ਹ ਵਾਲੀ ਘਟਨਾ ਦੀ ਜਾਂਚ ਕਰਾ ਕੇ

# ਦੋਸ਼ੀਆਂ ਨੂੰ ਦੇਵੇ ਸਖਤ ਸਜ਼ਾ- ਜਥੇਦਾਰ ਬਲਜੀਤ ਸਿੰਘ ਦਾਦੂਵਾਲ

**ਤਲਵੰਡੀ ਸਾਬੋ, 07 ਮਈ (ਗੁਰਜੰਟ ਸਿੰਘ ਨਥੇਹਾ)**- ਪਿਛਲੇ ਦਿਨੀ ਗੁਰਦੁਆਰਾ ਰਾਤਗੜ ਸਾਹਿਬ ਨਰਾਇਣਗੜ ਜ਼ਿਲਾ ਅੰਬਾਲਾ ਦੀ ਘਟਨਾ ਨੇ ਸਿੱਖ ਸੰਗਤਾਂ ਦੇ ਹਿਰਦੇ ਵਲੂੰਧਰ ਦਿੱਤੇ ਹਨ ਮੁੱਖ ਮੰਤਰੀ ਹਰਿਆਣਾ ਦੀ ਆਮਦ ਤੇ ਗੁਰਦੁਆਰਾ ਸਾਹਿਬ ਅੰਦਰ ਧੰਨ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਪੁਲਿਸ ਸੁਰੱਖਿਆ ਫੋਰਸਾਂ ਵੱਲੋਂ ਕੀਤੀ ਗਈ ਤਲਾਸ਼ੀ ਅਤਿ ਨਿੰਦਨਯੋਗ ਘਟਨਾ ਹੈ ਜਿਸ ਦੀ ਮੈਂ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਾ ਹਾਂ ਇਨਾਂ ਵਿਚਾਰਾਂ ਦਾ ਪ੍ਰਗਟਾਵਾ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇੱਕ ਲਿਖਤੀ ਪ੍ਰੈਸਨੋਟ ਜਾਰੀ ਕਰਦਿਆਂ ਕੀਤਾ ਜਥੇਦਾਰ ਦਾਦੂਵਾਲ ਨੇ ਕਿਹਾ ਕੇ ਸੋਸ਼ਲ ਮੀਡੀਆ ਉੱਤੇ ਇੱਕ ਵੀਡੀਓ ਵਾਇਰਲ ਹੋ ਰਹੀ ਹੈ ਜਿਸ ਵਿੱਚ ਵਿੱਚ ਪੁਲਿਸ ਸੁਰੱਖਿਆ ਕਰਮਚਾਰੀ ਗੁਰਦੁਆਰਾ ਸਾਹਿਬ ਦੇ ਅੰਦਰ ਧੰਨ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਤਲਾਸ਼ੀ ਕਰ ਰਹੇ ਹਨ ਜਦੋਂ ਇਹ ਵੀਡੀਓ ਸੋਸ਼ਲ ਮੀਡੀਆ ਤੇ ਵਾਇਰਲ ਹੋਈ ਤਾਂ ਪਤਾ ਕਰਨ ਤੇ ਇਹ ਜਾਣਕਾਰੀ ਪ੍ਰਾਪਤ ਹੋਈ ਕੇ ਇਹ ਘਟਨਾ ਗੁਰਦੁਆਰਾ ਰਾਤਗੜ ਸਾਹਿਬ ਨਰਾਇਣਗੜ ਜ਼ਿਲਾ ਅੰਬਾਲਾ ਦੀ ਹੈ ਜਿੱਥੇ ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਮੱਥਾ ਟੇਕਣ ਵਾਸਤੇ ਜਾਣਾ ਸੀ ਅਤੇ ਉਨਾਂ ਦੇ ਜਾਣ ਤੋਂ ਪਹਿਲਾਂ ਸੁਰੱਖਿਆ ਕਰਮਚਾਰੀਆਂ ਨੇ ਗੁਰੂ ਗ੍ਰੰਥ ਸਾਹਿਬ ਦੀ ਹਜੂਰੀ ਵਿੱਚ ਗੁਰਦੁਆਰਾ ਸਾਹਿਬ ਵਿੱਚ ਤਲਾਸ਼ੀ ਕੀਤੀ ਜੋ ਕੇ ਬਰਦਾਸ਼ਤ ਦੇ ਕਾਬਿਲ ਨਹੀਂ ਹੈ ਇਸ ਘਟਨਾ ਦੇ ਨਾਲ ਦੇਸ਼ ਵਿਦੇਸ਼ ਵਿੱਚ ਵਸਦੀਆਂ ਸਮੂੰਹ ਸ਼ਰਧਾਲੂ ਸੰਗਤਾਂ ਦੇ ਹਿਰਦੇ ਵਲੂੰਦਰੇ ਗਏ ਹਨ ਇਸ ਘਟਨਾ ਲਈ ਪਹਿਲਾਂ ਤਾਂ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਜਿੰਮੇਵਾਰੀ ਬਣਦੀ ਸੀ ਕੇ ਉਹ ਅਜਿਹਾ ਕਰਨ ਤੋਂ ਪੁਲਿਸ ਸੁਰੱਖਿਆ ਕਰਮਚਾਰੀਆਂ ਨੂੰ ਰੋਕਦੇ ਫਿਰ ਹਾਜ਼ਰ ਸਿੱਖ ਸੰਗਤਾਂ ਦੀ ਵੀ ਜਿੰਮੇਵਾਰੀ ਬਣਦੀ ਸੀ ਕੇ ਉਹ ਆਪਣਾ ਬਣਦਾ ਫਰਜ਼ ਨਿਭਾਉਂਦੀ ਅਤੇ ਅਜਿਹਾ ਕਰਨ ਤੋਂ ਸੁਰੱਖਿਆ ਕਰਮੀਆਂ ਨੂੰ ਰੋਕਦੀ ਪਰ ਅਫਸੋਸ ਕੇ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਦੋਨੋਂ ਇਹ ਜਿੰਮੇਵਾਰੀ ਨਿਭਾਉਣ ਵਿੱਚ ਅਸਫਲ ਹੋਏ ਤੇ ਪੁਲਿਸ ਸੁਰੱਖਿਆ ਕਰਮਚਾਰੀ ਗੁਰ ਮਰਿਯਾਦਾ ਨੂੰ ਤਾਰ ਤਾਰ ਕਰਕੇ ਤਲਾਸ਼ੀ ਕਰਦੇ ਰਹੇ ਜਥੇਦਾਰ ਦਾਦੂਵਾਲ ਜੀ ਨੇ ਕਿਹਾ ਕੇ ਭਾਵੇਂ ਸਿੱਧੇ ਤੌਰ ਤੇ ਹਰਿਆਣਾ ਦੇ ਮੁੱਖ ਮੰਤਰੀ ਨੂੰ ਇਸ ਘਟਨਾ ਲਈ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ ਪਰ ਕਿਉਂਕਿ ਉਨਾਂ ਨੇ ਉੱਥੇ ਮੱਥਾ ਟੇਕਣ ਜਾਣਾ ਸੀ



ਜਿਸ ਵਾਸਤੇ ਸੁਰੱਖਿਆ ਕਰਮੀਆਂ ਨੇ ਤਲਾਸ਼ੀ ਲਈ ਹੈ ਇਸ ਲਈ ਮੁੱਖ ਮੰਤਰੀ ਹਰਿਆਣਾ ਦੀ ਜਿੰਮੇਵਾਰੀ ਬਣਦੀ ਹੈ ਕੇ ਉਹ ਇਸ ਘਟਨਾ ਦੀ ਜਾਂਚ ਕਰਵਾ ਕੇ ਦੋਸ਼ੀ ਸੁਰੱਖਿਆਂ ਅਫ਼ਸਰਾਂ ਜਿਨਾਂ ਦੇ ਹੁਕਮਾਂ ਤੇ ਤਲਾਸ਼ੀ ਲਈ ਗਈ ਹੈ ਉਨਾਂ ਨੂੰ ਕਾਨੂੰਨੀ ਕਟਹਿਰੇ ਵਿੱਚ ਖੜਾ ਕਰਕੇ ਸਖ਼ਤ ਸਜ਼ਾ ਦਿੱਤੀ ਜਾਵੇ ਤਾਂ ਕੇ ਅੱਗੇ ਤੋਂ ਅਜਿਹੀ ਕੋਈ ਘਟਨਾ ਨਾ ਵਾਪਰੇ ਕਿਉਂਕਿ ਦੇਸ਼ ਦੇ ਪ੍ਰਧਾਨ ਮੰਤਰੀ, ਗ੍ਰਹਿਮੰਤਰੀ ਸਭ ਸੂਬਿਆਂ ਦੇ ਮੁੱਖ ਮੰਤਰੀ, ਵਿਦੇਸ਼ਾਂ ਤੋਂ ਵੀ ਰਾਸ਼ਟਰਪਤੀ, ਪ੍ਰਧਾਨ ਮੰਤਰੀ ਗੁਰੂ ਘਰਾਂ ਵਿੱਚ ਮੱਥਾ ਟੇਕਣ ਆਉਂਦੇ ਹਨ ਅਜਿਹੀ ਤਲਾਸ਼ੀ ਕਿਤੇ ਵੀ ਨਹੀਂ ਕੀਤੀ ਜਾਂਦੀ ਜਥੇਦਾਰ ਦਾਦੂਵਾਲ ਜੀ ਨੇ ਕਿਹਾ ਕਿ ਹਰਿਆਣਾ ਦੇ ਵੀ ਸਾਬਕਾ ਮੁੱਖ ਮੰਤਰੀ ਜਾਂ ਮੌਜੂਦਾ ਮੁੱਖ ਮੰਤਰੀ ਬਹੁਤ ਥਾਵਾਂ ਤੇ ਦਰਸ਼ਨ ਕਰਨ ਜਾ ਰਹੇ ਹਨ ਕਿਸੇ ਵੀ ਗੁਰੂ ਘਰ ਦੀ ਤਲਾਸ਼ੀ ਨਹੀਂ ਲਈ ਜਾਂਦੀ ਪਰ ਇਹ ਘਟਨਾ ਕਿਉਂ ਵਾਪਰੀ ਇਸਦੀ ਜਾਂਚ ਜਰੂਰ ਹੋਣੀ ਚਾਹੀਦੀ ਹੈ। ਜਥੇਦਾਰ ਦਾਦੂਵਾਲ ਨੇ ਉਨਾਂ ਵਿਰੋਧੀਆਂ ਨੂੰ ਜੋ ਇਸ ਘਟਨਾ ਨੂੰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਜੋੜਕੇ ਤਾਬੜਤੋੜ ਹਮਲੇ ਕਰ ਰਹੇ ਹਨ ਉਨਾਂ ਨੂੰ ਨਸੀਹਤ ਦਿੰਦਿਆਂ ਕਿਹਾ ਕਿ ਪਹਿਲਾਂ ਘਟਨਾ ਦੀ ਜਾਣਕਾਰੀ ਪ੍ਰਾਪਤ ਕਰਨੀ ਚਾਹੀਦੀ ਹੈ ਕੇ ਇਹ ਗੁਰਦੁਆਰਾ ਸਾਹਿਬ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਵਿੱਚ ਨਹੀਂ ਲੋਕਲ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਵਿੱਚ ਹੈ ਪਰ ਫਿਰ ਵੀ ਹਰਿਆਣਾ ਸੂਬੇ ਦੀ ਮੁੱਖ ਧਾਰਮਿਕ ਸੰਸਥਾ ਹੋਣ ਦੇ ਨਾਤੇ ਅਸੀਂ ਆਪਣੀ ਜਿੰਮੇਵਾਰੀ ਸਮਝਦਿਆਂ ਇਸ ਘਟਨਾ ਦੀ ਜਾਣਕਾਰੀ ਲੈਣ ਵਾਸਤੇ ਕਮੇਟੀ ਦੇ ਜਨਰਲ ਸਕੱਤਰ ਸ. ਸੁਖਵਿੰਦਰ ਸਿੰਘ ਮੰਡੇਬਰ ਯਮੁਨਾਨਗਰ ਨੂੰ ਉੱਥੇ ਭੇਜਿਆ ਜਿਨਾਂ ਨੇ ਸਾਰੀ ਘਟਨਾ ਦੀ ਜਾਣਕਾਰੀ ਪ੍ਰਾਪਤ ਕਰਕੇ ਸਾਨੂੰ ਦਿੱਤੀ ਅਤੇ ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖ ਸੰਗਤਾਂ ਤੋਂ ਜਨਤਕ ਤੌਰ 'ਤੇ ਮੁਆਫੀ ਮੰਗੀ ਹੈ ਹੁਣ ਸਿੱਖ ਪੰਥ ਨੇ ਇਸ ਮੁਆਫੀ ਨੂੰ ਕਿਸ ਲਹਿਜੇ ਵਿੱਚ ਲੈਣਾ ਹੈ ਇਹ ਸਿੱਖ ਪੰਥ ਨੇ ਦੇਖਣਾ ਹੈ ਅਖੀਰ ਜਥੇਦਾਰ ਦਾਦੂਵਾਲ ਜੀ ਨੇ ਕਿਹਾ ਕੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਇਸ ਘਟਨਾ ਦੀ ਤੁਰੰਤ ਜਾਂਚ ਕਰਵਾ ਕੇ ਦੋਸ਼ੀਆਂ ਨੂੰ ਸਖਤ ਸਜ਼ਾ ਦੇਣ ਤਾਂ ਕੇ ਸੰਗਤਾਂ ਦੇ ਵਲੂੰਦਰੇ ਹਿਰਦਿਆਂ ਤੇ ਮਰਹਮ ਲੱਗ ਸਕੇ ਨਹੀਂ ਤਾਂ ਸਿੱਖ ਸੰਗਤਾਂ ਦਾ ਰੋਸ਼ ਬਰਕਰਾਰ ਰਹੇਗਾ।

## ਹੁਕਮਰਾਨਾਂ ਨੂੰ ਅੰਨਦਾਤੇ ਦਾ ਡਰ ? ਮੁੱਖ ਮੰਤਰੀ ਮਾਨ ਦੀ ਫੇਰੀ ਤੋਂ ਪਹਿਲਾਂ ਹਿਰਾਸਤ 'ਚ ਲਏ ਕਿਸਾਨ



**ਚੰਡੀਗੜ੍ਹ, 7 ਮਈ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਫ਼ਿਰੋਜ਼ਪੁਰ ਤੋਂ ਲੋਕ ਸਭਾ ਉਮੀਦਵਾਰ ਕਾਕਾ ਬਰਾੜ ਦੇ ਹੱਕ ਵਿੱਚ ਚੋਣ ਪ੍ਰਚਾਰ ਕਰਨ ਤੋਂ ਪਹਿਲਾਂ ਹੀ ਪੁਲਿਸ ਨੇ ਵਿਰੋਧ ਪ੍ਰਦਰਸ਼ਨ ਦੇ ਡਰੋਂ ਕਿਸਾਨ ਆਗੂਆਂ ਨੂੰ ਹਿਰਾਸਤ ਵਿੱਚ ਲੈ ਲਿਆ ਹੈ। ਕਿਸਾਨ ਆਗੂ ਲਗਾਤਾਰ ਪ੍ਰਸ਼ਾਸਨ ਤੋਂ ਮੰਗ ਕਰ ਰਹੇ ਸਨ ਕਿ ਉਨ੍ਹਾਂ ਦੀਆਂ ਮੰਗਾਂ ਸਬੰਧੀ ਮੁੱਖ ਮੰਤਰੀ ਨਾਲ ਮੁਲਾਕਾਤ ਕਰਵਾਈ ਜਾਵੇ। ਹਾਲਾਂਕਿ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਮੁਲਾਕਾਤ ਦਾ ਭਰੋਸਾ ਦਵਾਇਆ ਸੀ ਪਰ ਹੁਣ ਇਨ੍ਹਾਂ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਉਨ੍ਹਾਂ ਦੀਆਂ ਮੰਗਾਂ ਅਬੋਹਰ ਖੇਤਰ ਦੇ ਕਿਸਾਨਾਂ ਨਾਲ ਸਬੰਧਤ ਹਨ। ਅਬੋਹਰ ਦਾ ਇਲਾਕਾ ਖੇਤੀ ਪੱਖੋਂ ਕਾਫੀ ਪਛੜਿਆ ਹੋਇਆ ਹੈ। ਉਹ ਨਹਿਰੀ ਪਾਣੀ, ਨਰਮੇ ਦੀ ਖ਼ਰਾਬ ਹੋਈ ਫਸਲ ਦੇ ਮੁਆਵਜ਼ੇ ਸਮੇਤ ਹੋਰ ਮੰਗਾਂ 'ਤੇ ਮੁੱਖ ਮੰਤਰੀ ਕੋਲ ਆਪਣੇ ਵਿਚਾਰ ਪੇਸ਼ ਕਰਕੇ ਉਨ੍ਹਾਂ ਦਾ ਹੱਲ ਕਰਵਾਉਣਾ ਚਾਹੁੰਦੇ ਹਨ।

**ਆਪ ਦੇ ਬਾਈਕਾਟ ਦੇ ਬਠਿੰਡਾ ਵਿੱਚ ਲੱਗੇ ਪੋਸਟਰ** : ਬਠਿੰਡਾ ਵਿੱਚ ਭਾਰਤੀ ਜਨਤਾ ਪਾਰਟੀ ਤੋਂ ਬਾਅਦ ਹੁਣ ਕਿਸਾਨਾਂ ਨੇ ਆਮ ਆਦਮੀ ਪਾਰਟੀ ਦਾ ਵੀ ਵਿਰੋਧ ਸ਼ੁਰੂ ਕਰ ਦਿੱਤਾ ਹੈ। ਕਿਸਾਨਾਂ ਨੇ ਪਿੰਡ ਘੁੱਦਾ ਵਿੱਚ ਵੱਡਾ ਕਰਕੇ ਪੋਸਟਰ ਲਾਇਆ ਹੈ ਜਿਸ ਵਿੱਚ ਲਿਖਿਆ ਹੈ ਕਿ ਆਮ ਆਦਮੀ ਪਾਰਟੀ ਦੇ ਉਮੀਦਵਾਰ ਤੇ ਲੀਡਰ ਦਾ ਇਸ ਪਿੰਡ ਵਿੱਚ ਆਉਣਾ ਮਨ੍ਹਾ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਇਸ ਉੱਤੇ ਸਾਫ਼-ਸਾਫ਼ ਲਿਖਿਆ ਗਿਆ ਹੈ ਕਿ ਜੇ ਕੋਈ ਵੀ ਲੀਡਰ ਜਾਂ ਉਮੀਦਵਾਰ ਗੁਰਮੀਤ ਖੁੱਡੀਆਂ ਉਨ੍ਹਾਂ ਦੇ ਪਿੰਡ ਆਉਂਦੇ ਹਨ ਤਾਂ ਕਿਸਾਨਾਂ ਵੱਲੋਂ ਉਨ੍ਹਾ ਦਾ ਵਿਰੋਧ ਕੀਤਾ ਜਾਵੇਗਾ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਜੇ ਲਾਗਲੇ ਪਿੰਡਾਂ ਵਿੱਚ ਵੀ ਕੋਈ ਲੀਡਰ ਆਉਂਦਾ ਹੈ ਤਾਂ ਉਸ ਦਾ ਵੀ ਵਿਰੋਧ ਕੀਤਾ ਜਾਵੇਗਾ।



ਮਹਾਨ ਜਰਨੈਲ ਬਾਬਾ ਜੱਸਾ ਸਿੰਘ ਰਾਮਗੜ੍ਹੀਆ ਜੀ ਦੀ
੩੦੦ ਸਾਲਾਂ ਜਨਮ ਸ਼ਤਾਬਦੀ ਦੇ ਸਮਾਪਨ ਦੇ ਮੌਕੇ ਤੇ
ਸ਼ੋਮਣੀ ਪੰਥ ਅਕਾਲੀ ਬੁੱਢਾ ਦਲ ਅਤੇ ਸਮੂਹ ਦਲ ਪੰਥ
ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ
ਅਤੇ ਚੜ੍ਹਦੀ ਕਲਾ ਟਾਈਮ ਟੀਵੀ ਦੇ ਸਹਿਯੋਗ ਨਾਲ
ਕਾਰ ਸੇਵਾ ਗੁਰਦੁਆਰਾ ਚਿੱਲ੍ਹਾ ਸਾਹਿਬ ਸਿਰਸਾ
ਬਾਬਾ ਜੱਸਾ ਸਿੰਘ ਰਾਮਗੜ੍ਹਿਆ ਜਨਮ ਸ਼ਤਾਬਦੀ ਕਮੇਟੀ
ਇੰਟਰਨੈਸ਼ਨਲ ਸਿੱਖ ਫੋਰਮ
ਸ਼ੋਮਣੀ ਗਤਕਾ ਫੈਡਰੇਸ਼ਨ ਆਫ ਇੰਡੀਆ
ਵਲੋਂ
ਆਵਾਜ਼ਿ ਕੌਮ AWAZE QAUM International Newspaper & WEB TV
SGFI
ISF INTERNATIONAL SIKH FORUM
ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਜੀ ਮੁਖੀ ਬੁੱਢਾ ਦਲ
ਸਿੰਘ ਸਾਹਿਬ ਗਿ: ਹਰਪ੍ਰੀਤ ਸਿੰਘ ਜੀ ਜੱਥੇਦਾਰ ਤਖਤ ਸ੍ਰੀ ਦਮਦਮਾ ਸਾਹਿਬ
ਮਹਾਨ ਸ਼ਤਾਬਦੀ ਗੁਰਮਤਿ ਸਮਾਗਮ
ਸਥਾਨ : ਗੁਰਦੁਆਰਾ ਚਿੱਲ੍ਹਾ ਸਾਹਿਬ, ਸਿਰਸਾ
ਮਿਤਿ : 12 ਮਈ 2024 ਦਿਨ : ਐਤਵਾਰ, ਸਮਾਂ ਸਵੇਰੇ 9:00 ਵਜੇ ਤੋਂ ਦੁਪਿਹਰ 3:00 ਵਜੇ ਤੱਕ
ਸਿੰਘ ਸਾਹਿਬ ਬਾਬਾ ਮਾਨ ਸਿੰਘ ਜੀ ਮੜ੍ਹੀਆਂ ਵਾਲੇ
ਜਥੇਦਾਰ ਬਾਬਾ ਜਗਤਾਰ ਸਿੰਘ ਜੀ (ਗੁਰਦੁਆਰਾ ਚਿੱਲ੍ਹਾ ਸਾਹਿਬ)
ਸਮਾਗਮ ਦੌਰਾਨ ਇਤਿਹਾਸਿਕ ਸ਼ਸਤਰਾਂ ਦੇ ਦਰਸ਼ਨ ਬੁੱਢਾ ਦਲ ਵਲੋਂ ਕਰਵਾਏ ਜਾਣਗੇ
ਪਹੁੰਚ ਰਹੇ ਸੰਤ ਮਹਾਪੁਰਸ਼, ਰਾਗੀ, ਢਾਡੀ, ਪ੍ਰਚਾਰਕ ਅਤੇ ਪੰਥਕ ਸ਼ਖਸ਼ੀਅਤਾਂ
ਜ: ਭੁਪਿੰਦਰ ਸਿੰਘ ਅਸੰਧ ਪ੍ਰਧਾਨ ਹਰਿਆਣਾ ਗੁ: ਪ੍ਰ: ਕਮੇਟੀ
ਜ: ਬਲਜੀਤ ਸਿੰਘ ਦਾਦੂਵਾਲ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਗੁ: ਪ੍ਰ: ਕਮੇਟੀ
ਸ੍ਰ: ਜਗਜੀਤ ਸਿੰਘ ਦਰਦੀ ਪਦਮ ਸ਼੍ਰੀ ਅਤੇ ਪ੍ਰਧਾਨ ਸਿੱਖ ਫੋਰਮ
ਭਾਈ ਗੁਰਪ੍ਰੀਤ ਸਿੰਘ ਜੀ ਹਜੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ
ਭਾਈ ਜਸਕਰਨ ਸਿੰਘ ਜੀ ਪੰਥ ਪ੍ਰਸਿੱਧ ਰਾਗੀ ਜੱਥਾ ਪਟਿਆਲਾ ਵਾਲੇ
ਡਾ ਸੁਖਪ੍ਰੀਤ ਸਿੰਘ ਉਦੋਕੇ ਪੰਥ ਪ੍ਰਸਿੱਧ ਹਿਸ਼ਟੋਰਿਅਨ ਅਤੇ ਪ੍ਰਚਾਰਕ
ਭਾਈ ਸੁਖਜੀਤ ਸਿੰਘ ਘਨਇਆ ਪੰਥ ਪ੍ਰਸਿਧ ਕਥਾ ਵਾਚਕ ਬੁੱਢਾ ਦਲ
ਖਾਲਸਾ ਫਤਿਹ ਮਾਰਚ
11 ਸਈ 2024, ਸ਼ਾਮ 3:00 ਵਜੇ
ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ ਹਿਸਾਰ ਤੋਂ ਸਵੇਰੇ 9 ਵਜੇ ਆਰੰਭ ਹੋ ਕੇ ਢੰਡੂਰ, ਅਗਰੋਹਾ, ਫਤਿਹਾਬਾਦ, ਡਿੰਗ ਹੁੰਦਾ ਹੋਇਆ ਸ਼ਾਮ ੩ ਵਜੇ ਸਿਰਸਾ ਹੁੱਡਾ ਚੋਕ ਪਹੁੰਚ ਕੇ ਵੱਖ ਵੱਖ ਬਾਜਾਰਾਂ ਤੋਂ ਹੁੰਦਾ ਹੋਇਆ ਸ਼ਾਮ 7 ਵਜੇ ਗੁਰਦੁਆਰਾ ਚਿੱਲ੍ਹਾ ਸਾਹਿਬ ਸਮਾਪਤੀ ਹੋਵੇਗੀ
18 ਵੀਂ ਸਦੀ ਦੇ ਕੁਰਬਾਨੀਆਂ ਭਰੇ ਸਿੱਖ ਇਤਿਹਾਸ ਤੇ ਆਧਾਰਿਤ ਇਤਿਹਾਸਕ ਲਾਈਟ ਅਤੇ ਸਾਉਂਡ ਨਾਟਕ
ਕੌਮ ਦਾ ਯੋਧਾ
11 ਸਈ 2024, ਸ਼ਾਮ 7:00 ਵਜੇ
11 ਮਈ ਨੂੰ ਨਿਹੰਗ ਸਿੰਘ ਜੱਥੇਬੰਦੀਆਂ ਜੰਗੀ ਘੋੜੇ ਅਤੇ ਊਂਠਾਂ ਸਮੇਤ ਪੂਰੇ ਜਾਹੋ ਜਲਾਲ ਨਾਲ ਖਾਲਸਾ ਫਤਿਹ ਮਾਰਚ ਵਿਚ ਸ਼ਾਮਿਲ ਹੋਣਗੀਆਂ ਅਤੇ
12 ਮਈ ਨੂੰ ਗੁਰਦੁਆਰਾ ਚਿੱਲ੍ਹਾ ਸਾਹਿਬ ਵਿਖੇ ਅੰਮ੍ਰਿਤ ਸੰਚਾਰ ਹੋਵੇਗਾ
ਫ੍ਰੀ ਮੈਡਿਕਲ ਕੈਂਪ, ਖੂਨ-ਦਾਨ ਕੈਂਪ ਅਤੇ ਇਤਿਹਾਸਿਕ ਚਿਤਰ ਪ੍ਰਦਰਸ਼ਨੀ ਵੀ ਰਹੇਗੀ
Media Partner
CHARDIKLA TIME TV
ਸੰਪਰਕ: 98964-51113, 94164-13612, 94160-45751, 94160-05797, 81684-29100







ਆਵਾਜ਼ਿ ਕੌਮ
Daily Newspaper from U.K.
Publisher/Chief Editor
**Raghbir Singh Walsal**
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7I
Contact :
+447458381111
+447976210161
+919729091243




**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ







ਦੇਗ ਤੇਗ ਫ਼ਤਿਹ – ਪੰਥ ਕੀ ਜੀਤ
ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥
ਸਲਾਨਾ ਜੋੜ ਮੇਲਾ
ਜਥੇਦਾਰ ਬਾਬਾ ਖੜਕ ਸਿੰਘ ਨਿਹੰਗ ਸਿੰਘ ਜੀ
ਧੰਨ-ਧੰਨ ਮਾਤਾ ਸਾਹਿਬ ਕੌਰ ਜੀ
ਗੁਰਮਤਿ ਸਮਾਗਮ
3 ਨਵੰਬਰ 2024 ਦਿਨ ਐਤਵਾਰ ਨੂੰ
ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ
ਗੁਰਦੁਆਰਾ ਸ਼ਹੀਦਾਂ, ਜੱਸੋਵਾਲ
(ਬੱਬਰਾਂ ਦਾ ਹਾਈਕੋਰਟ)
ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ
ਦਮਦਮੀ ਟਕਸਾਲ ਭਿੰਡਰਾਂ ਵਾਲੇ, ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ,
ਪ੍ਰਧਾਨ ਭਾਈ ਲਾਲੋ ਜੀ ਸੰਤ ਸਮਾਜ, ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦਲ
ਸੰਪਰਕ ਨੰਬਰ
98141-27470


ਸਾਬਤ ਸੂਰਤਿ ਦਸਤਾਰ ਸਿਰਾ
ਦਸਤਾਰਾਂ ਹੀ ਦਸਤਾਰਾਂ
ਰੰਧਾਵਾ ਪਗੜੀ ਸੈਂਟਰ
ਦਸਤਾਰਾਂ ਦੇ ਥਾਨ ਥੋਕ ਦੇ ਭਾਅ ਖ਼ਰੀਦਣ ਲਈ ਸੰਪਰਕ ਕਰੋ।
ਦੁਨੀਆਂ ਦੇ ਕਿਸੇ ਵੀ ਕੋਨੇ 'ਚ ਦਸਤਾਰਾਂ ਮੰਗਵਾਉਣ ਲਈ ਸੰਪਰਕ ਕੀਤਾ ਜਾ ਸਕਦਾ ਹੈ।
ਇੱਥੇ ਹਰ ਤਰ੍ਹਾਂ ਦੀਆਂ ਪੱਗਾਂ ਅਤੇ ਸੁੰਦਰ ਰੁਮਾਲਾ ਸਾਹਿਬ ਮਿਲਦੇ ਹਨ।
ਰੈਣਕ ਬਾਜ਼ਾਰ, ਜਲੰਧਰ (ਪੰਜਾਬ)
ਸੰਪਰਕ ਨੰ. :
+91 98882-22446


ASA Gas Heating Solution Ltd.
Boilers
Certificates
Gas Work
Cylinders
Maintenance Services
Gas Safety Inspections
Plumbing Work
Vaillant APPROVED INSTALLER
WORCESTER Bosch Group
ਏ.ਐਸ.ਏ. ਗੈਸ ਹੀਟਿੰਗ ਸਲੂਸ਼ਨ ਲਿਮਟਿਡ ਕੰਪਨੀ ਦੇ ਮਾਲਕ ਜਾਣੇ ਪਹਿਚਾਣੇ ਗੋਲਡ ਮੈਡਲਿਸਟ ਢਾਡੀ ਜੱਥਾ ASA ਦੇ ਨੌਜਵਾਨਾਂ ਨੇ ਸ਼ੁਰੂ ਕੀਤੀ ਹੈ। ਜਿਹੜੇ ਗੈਸ ਅਤੇ ਬਿਜਲੀ ਦਾ ਕੰਮ ਬਹੁਤ ਹੀ ਤਸੱਲੀਬਖ਼ਸ ਅਤੇ ਸਸਤੇ ਰੇਟਾਂ ਤੇ ਕਰਦੇ ਹਨ। ਨੌਜਵਾਨ ਬੱਚਿਆਂ ਨੇ ਨਵਾਂ ਨਵਾਂ ਆਪਣਾ ਕੰਮ ਸ਼ੁਰੂ ਕੀਤਾ ਹੈ। ਸੋ ਇਹਨਾਂ ਬੱਚਿਆਂ ਦਾ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਜਾਂਦੀ ਹੈ
Mr. Simran Singh : 0749 534 2620
asagasheatingsolutions@gmail.com
Call us now for a Free no-olbigation quote


THE GURBANI SCHOOL
THE GURBANI SCHOOL
ਗੁਰਬਾਣੀ ਦਾ ਸ਼ੁੱਧ ਉਚਾਰਣ ਸਿੱਖਣ ਲਈ
ਗੁਰਬਾਣੀ ਸਕੂਲ ਡਾਊਨਲੋਡ ਕਰੋ।
LEARN THE CORRECT PRONUNCIATION OF GURBANI IN THE CONVENIENCE OF YOUR OWN HOME
GET IT ON Google Play
Download on the App Store
12:47
THE GURBANI SCHOOL
Read Gurbani
Language & Preferences
About us
Feedback
Share app
ਆਵਾਜ਼ਿ ਕੌਮ AWAZE QAUM International Newspaper & WEB TV
INTERACTIVE LEARNING
ਕਲਿੱਕ ਕਰੋ ਅਤੇ ਸਹੀ ਉਚਾਰਣ ਸੁਣੋ
CLICK & LISTEN TO THE CORRECT PRONUNCIATION
8
EIGHT PRAYERS AVAILABLE
ਅੱਠ ਬਾਣੀਆਂ ਸਿੱਖਣ ਲਈ ਉਪਲਬਧ ਹਨ
EIGHT DAILY PRAYERS AVAILABLE TO LEARN
AUTO SCROLL GURBANI PLAYER
ਨਾਲ ਨਾਲ ਪੜ੍ਹੋ ਅਤੇ ਉਚਾਰਣ ਸੁਧਾਰੋ
READ ALONG & IMPROVE THE PRONUNCIATION
MULTILINGUAL
ਨਿੱਤਨੇਮ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿੱਚ ਉਪਲਬਧ ਹੈ।
NITNEM IS AVAILABLE IN PUNJABI, HINDI & ENGLISH



ਸ੍ਰੀ ਅਕਾਲ ਜੀ ਸਹਾਇ
ਦੇਗ ਤੇਗ ਫਤਿਹ
ਪੰਥ ਕੀ ਜੀਤ
ਦਮਦਮੀ ਟਕਸਾਲ ਜੱਥਾ ਭਿੰਡਰਾਂ ਮਹਿਤਾ ਵੱਲੋਂ
ਅਮਰ ਸ਼ਹੀਦ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ
ਅਤੇ ਜੂਨ 1984 (ਘੱਲੂਘਾਰੇ) ਦੇ ਸਮੂਹ ਸ਼ਹੀਦਾਂ ਦੀ 40ਵੀਂ ਸ਼ਹੀਦੀ ਵਰ੍ਹੇਗੰਢ ਨੂੰ ਸਮਰਪਿਤ
ਸ਼ਬਦ ਕੀਰਤਨ ਅਤੇ
ਕਥਾ ਸਮਾਗਮ
1 ਮਈ ਤੋਂ 31 ਮਈ 2024 ਤੱਕ
ਰੋਜ਼ਾਨਾ ਸ਼ਾਮ 6 ਤੋਂ 8 ਵਜੇ ਤੱਕ
ਆਵਾਜ਼ਿ ਕੌਮ AWAZE QAUM International Newspaper & WEB TV
ਮਹਿਤਾ ਚੌਂਕ ਤੇ ਆਸ ਪਾਸ ਦੇ ਪਿੰਡਾਂ ਵਿੱਚ ਆਯੋਜਿਤ ਕੀਤੇ ਜਾ ਰਹੇ ਹਨ। ਜਿਸ ਵਿੱਚ ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ 'ਭਿੰਡਰਾਂਵਾਲੇ' ਸ਼ਬਦ ਵਿਚਾਰ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ।
1 ਮਈ ਬੁੱਧਵਾਰ ਜਬੋਵਾਲ ਸ਼ਾਮ 6 ਤੋਂ 8 ਵਜੇ ਤੱਕ
2 ਮਈ ਵੀਰਵਾਰ ਜੱਫਰਵਾਲ ਸ਼ਾਮ 6 ਤੋਂ 8 ਵਜੇ ਤੱਕ
3 ਮਈ ਸ਼ੁੱਕਰਵਾਰ ਸਹਾਇਪੁਰ ਸ਼ਾਮ 6 ਤੋਂ 8 ਵਜੇ ਤੱਕ
4 ਮਈ ਸ਼ਨੀਵਾਰ ਮੁਰਾਦਪੁਰ ਸ਼ਾਮ 6 ਤੋਂ 8 ਵਜੇ ਤੱਕ
5 ਮਈ ਐਤਵਾਰ ਗੁਰੂ ਕੀ ਬੇਰ ਸਾਹਿਬ ਮੱਤੇਵਾਲ ਸ਼ਾਮ 5 ਤੋਂ 7 ਵਜੇ ਤੱਕ
6 ਮਈ ਸੋਮਵਾਰ ਕਾਹਲਵਾ ਸ਼ਾਮ 6 ਤੋਂ 8 ਵਜੇ ਤੱਕ
7 ਮਈ ਮੰਗਲਵਾਰ ਉੱਦੋ ਨੰਗਲ ਸ਼ਾਮ 6 ਤੋਂ 8 ਵਜੇ ਤੱਕ
8 ਮਈ ਬੁੱਧਵਾਰ ਬਾਬੋਵਾਲ ਸ਼ਾਮ 6 ਤੋਂ 8 ਵਜੇ ਤੱਕ
9 ਮਈ ਵੀਰਵਾਰ ਧਰਦਿਉ ਸ਼ਾਮ 6 ਤੋਂ 8 ਵਜੇ ਤੱਕ
10 ਮਈ ਸ਼ੁੱਕਰਵਾਰ ਧਿਆਨਪੁਰ ਸ਼ਾਮ 6 ਤੋਂ 8 ਵਜੇ ਤੱਕ
11 ਮਈ ਸ਼ਨੀਵਾਰ ਗੁ: ਬਾਬਾ ਪੱਲਾ ਜੀ ਬੁਤਾਲਾ ਸ਼ਾਮ 6 ਤੋਂ 8 ਵਜੇ ਤੱਕ
12 ਮਈ ਐਤਵਾਰ ਸਦਾਰੰਗ ਸ਼ਾਮ 6 ਤੋਂ 8 ਵਜੇ ਤੱਕ
13 ਮਈ ਸੋਮਵਾਰ ਸੂਸਾ ਸ਼ਾਮ 6 ਤੋਂ 8 ਵਜੇ ਤੱਕ
14 ਮਈ ਮੰਗਲਵਾਰ ਗੁ: ਬਾਬਾ ਮਤੁ ਜੀ ਮੀਕੇ ਸ਼ਾਮ 6 ਤੋਂ 8 ਵਜੇ ਤੱਕ
15 ਮਈ ਬੁੱਧਵਾਰ ਭਾਮ ਸ਼ਾਮ 6 ਤੋਂ 8 ਵਜੇ ਤੱਕ
16 ਮਈ ਵੀਰਵਾਰ ਭਲਾਈਪੁਰ ਪੁਰਬਾ ਸ਼ਾਮ 6 ਤੋਂ 8 ਵਜੇ ਤੱਕ
17 ਮਈ ਸ਼ੁੱਕਰਵਾਰ ਨਿੱਕੇ ਘੁੰਮਣ ਸ਼ਾਮ 6 ਤੋਂ 8 ਵਜੇ ਤੱਕ
18 ਮਈ ਸ਼ਨੀਵਾਰ ਗੁ: ਕੰਧ ਸਾਹਿਬ (ਬਟਾਲਾ) ਸ਼ਾਮ 6 ਤੋਂ 8 ਵਜੇ ਤੱਕ
19 ਮਈ ਐਤਵਾਰ ਪਾਤਸ਼ਾਹੀ ਨੌਵੀਂ ਗੁ: ਬਾਬਾ ਬਕਾਲਾ ਸਾਹਿਬ ਸਵੇਰੇ 10 ਤੋਂ 12 ਵਜੇ ਤੱਕ ਸਿਆਲਕਾ
20 ਮਈ ਸੋਮਵਾਰ ਲੀਲ ਕਲਾਂ ਸ਼ਾਮ 6 ਤੋਂ 8 ਵਜੇ ਤੱਕ
21 ਮਈ ਮੰਗਲਵਾਰ ਚੌਧਰੀਵਾਲ ਸ਼ਾਮ 6 ਤੋਂ 8 ਵਜੇ ਤੱਕ
22 ਮਈ ਬੁੱਧਵਾਰ ਤਰਸਿੱਕਾ ਭਗਤਾਂ ਦਾ ਡੇਰਾ ਸ਼ਾਮ 6 ਤੋਂ 8 ਵਜੇ ਤੱਕ
23 ਮਈ ਵੀਰਵਾਰ ਤਾਹਰਪੁਰ ਸ਼ਾਮ 6 ਤੋਂ 8 ਵਜੇ ਤੱਕ
24 ਮਈ ਸ਼ੁੱਕਰਵਾਰ ਬਾਸਰਪੁਰ ਰਾਤ 8 ਤੋਂ 10 ਵਜੇ ਤੱਕ
25 ਮਈ ਸ਼ਨੀਵਾਰ ਖੱਬੇ ਰਾਜਪੂਤਾਂ ਸ਼ਾਮ 6 ਤੋਂ 8 ਵਜੇ ਤੱਕ
26 ਮਈ ਐਤਵਾਰ ਭੀਲੋਵਾਲ ਸ਼ਾਮ 6 ਤੋਂ 8 ਵਜੇ ਤੱਕ
27 ਮਈ ਸੋਮਵਾਰ ਜੇਠੂਵਾਲ ਸ਼ਾਮ 6 ਤੋਂ 8 ਵਜੇ ਤੱਕ
28 ਮਈ ਮੰਗਲਵਾਰ ਗੁ: ਰਾਮ ਥੰਮਣ ਸਾਹਿਬ ਮਨੋਸ਼ ਸ਼ਾਮ 6 ਤੋਂ 8 ਵਜੇ ਤੱਕ
29 ਮਈ ਬੁੱਧਵਾਰ ਮੋਹਣੀਆ ਕੁਹਾਰਾ ਸ਼ਾਮ 6 ਤੋਂ 8 ਵਜੇ ਤੱਕ
30 ਮਈ ਵੀਰਵਾਰ ਜਲਾਲ ਉਸਮਾ ਸ਼ਾਮ 6 ਤੋਂ 8 ਵਜੇ ਤੱਕ
31 ਮਈ ਸ਼ੁੱਕਰਵਾਰ ਮਹਿਤਾ ਚੌਂਕ ਸ਼ਾਮ 6 ਤੋਂ 8 ਵਜੇ ਤੱਕ
1-2-3-4-5 ਜੂਨ 2024 ਰੋਜ਼ਾਨਾ ਸ਼ਾਮ 4.00 ਤੋਂ 6.00 ਵਜੇ ਤੱਕ
ਸੰਗਤਾਂ ਨੂੰ ਬੇਨਤੀ ਹੈ ਕਿ 6 ਜੂਨ 2024, ਵੀਰਵਾਰ ਨੂੰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼, ਚੌਂਕ ਮਹਿਤਾ ਵਿਖੇ ਪਹੁੰਚੋ ਜੀ
ਪ੍ਰੋਫੈਸ਼ਨਲ ਕਾਲਜ ਆਫ ਗੁਰਮਤਿ ਦਮਦਮੀ ਟਕਸਾਲ ਵਿਖੇ 9ਵੀਂ, 10ਵੀਂ, +1 +2, ਬੀ.ਏ., ਐੱਮ.ਏ. ਦਾਖਲੇ ਸ਼ੁਰੂ ਹਨ
ਜਾਰੀ ਕਰਤਾ:
ਖਾਲਸਾ ਅਕੈਡਮੀ ਨਰਸਰੀ ਤੋਂ +2 ਤੱਕ
ਖਾਲਸਾ ਪ੍ਰੀਮੀਅਮ ਸਕੂਲ I.C.S.E. Board Pre-Nur to 8th
ਖਾਲਸਾ ਹੋਸਟਲ Fully A.C. ਗੁਰਬਾਣੀ ਸਿੱਖਿਆ
ਖਾਲਸਾ
ਦਾਖ਼ਲਾ ਸ਼ੁਰੂ
99155-85685
ਸੰਪਰਕ: 99158-00904, 97793-10040, 98158-14158, 84376-91626

# ਸੰਮਤ ੫੫੬ ਨਾਨਕਸ਼ਾਹੀ ਕੈਲੰਡਰ


ਸ੍ਰੀ ਅਕਾਲ ਤਖ਼ਤ ਸਾਹਿਬ
ਸ੍ਰੀ ਅੰਮ੍ਰਿਤਸਰ ਸਾਹਿਬ


ਤਖ਼ਤ ਸ੍ਰੀ ਹਰਿਮੰਦਰ ਜੀ
ਪਟਨਾ ਸਾਹਿਬ


ਤਖ਼ਤ ਸ੍ਰੀ ਕੇਸਗੜ੍ਹ ਸਾਹਿਬ
ਸ੍ਰੀ ਅਨੰਦਪੁਰ ਸਾਹਿਬ


ਤਖ਼ਤ ਸ੍ਰੀ ਦਮਦਮਾ ਸਾਹਿਬ
ਤਲਵੰਡੀ ਸਾਬੋ (ਬਠਿੰਡਾ)


ਤਖ਼ਤ ਸ੍ਰੀ ਹਜ਼ੂਰ ਸਾਹਿਬ
ਅਬਿਚਲ ਨਗਰ (ਨੰਦੇੜ)


ਸਰਪ੍ਰਸਤ ਸਿੰਘ ਸਾਹਿਬ ਭਾਈ ਜਸਬੀਰ ਸਿੰਘ ਜੀ ਰੋਡੇ
ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ

## (ਸੰਨ 2024-25)

### ਚੇਤ (ਮਾਰਚ-24 – ਅਪ੍ਰੈਲ-24)

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| | | | | ੧ (14 ਮਾਰਚ) | ੨ (15 ਮਾਰਚ) | ੩ (16 ਮਾਰਚ) |
| ੪ (17 ਮਾਰਚ) | ੫ (18 ਮਾਰਚ) | ੬ (19 ਮਾਰਚ) | ੭ (20 ਮਾਰਚ) | ੮ (21 ਮਾਰਚ) | ੯ (22 ਮਾਰਚ) | ੧੦ (23 ਮਾਰਚ) |
| ੧੧ (24 ਮਾਰਚ) | ੧੨ (25 ਮਾਰਚ) | ੧੩ (26 ਮਾਰਚ) | ੧੪ (27 ਮਾਰਚ) | ੧੫ (28 ਮਾਰਚ) | ੧੬ (29 ਮਾਰਚ) | ੧੭ (30 ਮਾਰਚ) |
| ੧੮ (31 ਮਾਰਚ) | ੧੯ (1 ਅਪ੍ਰੈਲ) | ੨੦ (2 ਅਪ੍ਰੈਲ) | ੨੧ (3 ਅਪ੍ਰੈਲ) | ੨੨ (4 ਅਪ੍ਰੈਲ) | ੨੩ (5 ਅਪ੍ਰੈਲ) | ੨੪ (6 ਅਪ੍ਰੈਲ) |
| ੨੫ (7 ਅਪ੍ਰੈਲ) | ੨੬ (8 ਅਪ੍ਰੈਲ) | ੨੭ (9 ਅਪ੍ਰੈਲ) | ੨੮ (10 ਅਪ੍ਰੈਲ) | ੨੯ (11 ਅਪ੍ਰੈਲ) | ੩੦ (12 ਅਪ੍ਰੈਲ) | |

### ਵੈਸਾਖ (ਅਪ੍ਰੈਲ-24 – ਮਈ-24)

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| ੩੦ (12 ਮਈ) | ੩੧ (13 ਮਈ) | | | | | ੧ (13 ਅਪ੍ਰੈਲ) |
| ੨ (14 ਅਪ੍ਰੈਲ) | ੩ (15 ਅਪ੍ਰੈਲ) | ੪ (16 ਅਪ੍ਰੈਲ) | ੫ (17 ਅਪ੍ਰੈਲ) | ੬ (18 ਅਪ੍ਰੈਲ) | ੭ (19 ਅਪ੍ਰੈਲ) | ੮ (20 ਅਪ੍ਰੈਲ) |
| ੯ (21 ਅਪ੍ਰੈਲ) | ੧੦ (22 ਅਪ੍ਰੈਲ) | ੧੧ (23 ਅਪ੍ਰੈਲ) | ੧੨ (24 ਅਪ੍ਰੈਲ) | ੧੩ (25 ਅਪ੍ਰੈਲ) | ੧੪ (26 ਅਪ੍ਰੈਲ) | ੧੫ (27 ਅਪ੍ਰੈਲ) |
| ੧੬ (28 ਅਪ੍ਰੈਲ) | ੧੭ (29 ਅਪ੍ਰੈਲ) | ੧੮ (30 ਅਪ੍ਰੈਲ) | ੧੯ (1 ਮਈ) | ੨੦ (2 ਮਈ) | ੨੧ (3 ਮਈ) | ੨੨ (4 ਮਈ) |
| ੨੩ (5 ਮਈ) | ੨੪ (6 ਮਈ) | ੨੫ (7 ਮਈ) | ੨੬ (8 ਮਈ) | ੨੭ (9 ਮਈ) | ੨੮ (10 ਮਈ) | ੨੯ (11 ਮਈ) |

### ਜੇਠ (ਮਈ-24 – ਜੂਨ-24)

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| | | ੧ (14 ਮਈ) | ੨ (15 ਮਈ) | ੩ (16 ਮਈ) | ੪ (17 ਮਈ) | ੫ (18 ਮਈ) |
| ੬ (19 ਮਈ) | ੭ (20 ਮਈ) | ੮ (21 ਮਈ) | ੯ (22 ਮਈ) | ੧੦ (23 ਮਈ) | ੧੧ (24 ਮਈ) | ੧੨ (25 ਮਈ) |
| ੧੩ (26 ਮਈ) | ੧੪ (27 ਮਈ) | ੧੫ (28 ਮਈ) | ੧੬ (29 ਮਈ) | ੧੭ (30 ਮਈ) | ੧੮ (31 ਮਈ) | ੧੯ (1 ਜੂਨ) |
| ੨੦ (2 ਜੂਨ) | ੨੧ (3 ਜੂਨ) | ੨੨ (4 ਜੂਨ) | ੨੩ (5 ਜੂਨ) | ੨੪ (6 ਜੂਨ) | ੨੫ (7 ਜੂਨ) | ੨੬ (8 ਜੂਨ) |
| ੨੭ (9 ਜੂਨ) | ੨੮ (10 ਜੂਨ) | ੨੯ (11 ਜੂਨ) | ੩੦ (12 ਜੂਨ) | ੩੧ (13 ਜੂਨ) | | |

### ਹਾੜ (ਜੂਨ-24 – ਜੁਲਾਈ-24)

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| ੩੧ (14 ਜੁਲਾਈ) | 32 (15 ਜੁਲਾਈ) | | | | ੧ (14 ਜੂਨ) | ੨ (15 ਜੂਨ) |
| ੩ (16 ਜੂਨ) | ੪ (17 ਜੂਨ) | ੫ (18 ਜੂਨ) | ੬ (19 ਜੂਨ) | ੭ (20 ਜੂਨ) | ੮ (21 ਜੂਨ) | ੯ (22 ਜੂਨ) |
| ੧੦ (23 ਜੂਨ) | ੧੧ (24 ਜੂਨ) | ੧੨ (25 ਜੂਨ) | ੧੩ (26 ਜੂਨ) | ੧੪ (27 ਜੂਨ) | ੧੫ (28 ਜੂਨ) | ੧੬ (29 ਜੂਨ) |
| ੧੭ (30 ਜੂਨ) | ੧੮ (1 ਜੁਲਾਈ) | ੧੯ (2 ਜੁਲਾਈ) | ੨੦ (3 ਜੁਲਾਈ) | ੨੧ (4 ਜੁਲਾਈ) | ੨੨ (5 ਜੁਲਾਈ) | ੨੩ (6 ਜੁਲਾਈ) |
| ੨੪ (7 ਜੁਲਾਈ) | ੨੫ (8 ਜੁਲਾਈ) | ੨੬ (9 ਜੁਲਾਈ) | ੨੭ (10 ਜੁਲਾਈ) | ੨੮ (11 ਜੁਲਾਈ) | ੨੯ (12 ਜੁਲਾਈ) | ੩੦ (13 ਜੁਲਾਈ) |

### ਸਾਵਣ (ਜੁਲਾਈ-24 – ਅਗਸਤ-24)

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| | | ੧ (16 ਜੁਲਾਈ) | ੨ (17 ਜੁਲਾਈ) | ੩ (18 ਜੁਲਾਈ) | ੪ (19 ਜੁਲਾਈ) | ੫ (20 ਜੁਲਾਈ) |
| ੬ (21 ਜੁਲਾਈ) | ੭ (22 ਜੁਲਾਈ) | ੮ (23 ਜੁਲਾਈ) | ੯ (24 ਜੁਲਾਈ) | ੧੦ (25 ਜੁਲਾਈ) | ੧੧ (26 ਜੁਲਾਈ) | ੧੨ (27 ਜੁਲਾਈ) |
| ੧੩ (28 ਜੁਲਾਈ) | ੧੪ (29 ਜੁਲਾਈ) | ੧੫ (30 ਜੁਲਾਈ) | ੧੬ (31 ਜੁਲਾਈ) | ੧੭ (1 ਅਗਸਤ) | ੧੮ (2 ਅਗਸਤ) | ੧੯ (3 ਅਗਸਤ) |
| ੨੦ (4 ਅਗਸਤ) | ੨੧ (5 ਅਗਸਤ) | ੨੨ (6 ਅਗਸਤ) | ੨੩ (7 ਅਗਸਤ) | ੨੪ (8 ਅਗਸਤ) | ੨੫ (9 ਅਗਸਤ) | ੨੬ (10 ਅਗਸਤ) |
| ੨੭ (11 ਅਗਸਤ) | ੨੮ (12 ਅਗਸਤ) | ੨੯ (13 ਅਗਸਤ) | ੩੦ (14 ਅਗਸਤ) | ੩੧ (15 ਅਗਸਤ) | | |

### ਭਾਦੋਂ (ਅਗਸਤ-24 – ਸਤੰਬਰ-24)

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| ੩੧ (15 ਸਤੰਬਰ) | | | | | ੧ (16 ਅਗਸਤ) | ੨ (17 ਅਗਸਤ) |
| ੩ (18 ਅਗਸਤ) | ੪ (19 ਅਗਸਤ) | ੫ (20 ਅਗਸਤ) | ੬ (21 ਅਗਸਤ) | ੭ (22 ਅਗਸਤ) | ੮ (23 ਅਗਸਤ) | ੯ (24 ਅਗਸਤ) |
| ੧੦ (25 ਅਗਸਤ) | ੧੧ (26 ਅਗਸਤ) | ੧੨ (27 ਅਗਸਤ) | ੧੩ (28 ਅਗਸਤ) | ੧੪ (29 ਅਗਸਤ) | ੧੫ (30 ਅਗਸਤ) | ੧੬ (31 ਅਗਸਤ) |
| ੧੭ (1 ਸਤੰਬਰ) | ੧੮ (2 ਸਤੰਬਰ) | ੧੯ (3 ਸਤੰਬਰ) | ੨੦ (4 ਸਤੰਬਰ) | ੨੧ (5 ਸਤੰਬਰ) | ੨੨ (6 ਸਤੰਬਰ) | ੨੩ (7 ਸਤੰਬਰ) |
| ੨੪ (8 ਸਤੰਬਰ) | ੨੫ (9 ਸਤੰਬਰ) | ੨੬ (10 ਸਤੰਬਰ) | ੨੭ (11 ਸਤੰਬਰ) | ੨੮ (12 ਸਤੰਬਰ) | ੨੯ (13 ਸਤੰਬਰ) | ੩੦ (14 ਸਤੰਬਰ) |

### ਅੱਸੂ (ਸਤੰਬਰ-24 – ਅਕਤੂਬਰ-24)

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| | ੧ (16 ਸਤੰਬਰ) | ੨ (17 ਸਤੰਬਰ) | ੩ (18 ਸਤੰਬਰ) | ੪ (19 ਸਤੰਬਰ) | ੫ (20 ਸਤੰਬਰ) | ੬ (21 ਸਤੰਬਰ) |
| ੭ (22 ਸਤੰਬਰ) | ੮ (23 ਸਤੰਬਰ) | ੯ (24 ਸਤੰਬਰ) | ੧੦ (25 ਸਤੰਬਰ) | ੧੧ (26 ਸਤੰਬਰ) | ੧੨ (27 ਸਤੰਬਰ) | ੧੩ (28 ਸਤੰਬਰ) |
| ੧੪ (29 ਸਤੰਬਰ) | ੧੫ (30 ਸਤੰਬਰ) | ੧੬ (1 ਅਕਤੂਬਰ) | ੧੭ (2 ਅਕਤੂਬਰ) | ੧੮ (3 ਅਕਤੂਬਰ) | ੧੯ (4 ਅਕਤੂਬਰ) | ੨੦ (5 ਅਕਤੂਬਰ) |
| ੨੧ (6 ਅਕਤੂਬਰ) | ੨੨ (7 ਅਕਤੂਬਰ) | ੨੩ (8 ਅਕਤੂਬਰ) | ੨੪ (9 ਅਕਤੂਬਰ) | ੨੫ (10 ਅਕਤੂਬਰ) | ੨੬ (11 ਅਕਤੂਬਰ) | ੨੭ (12 ਅਕਤੂਬਰ) |
| ੨੮ (13 ਅਕਤੂਬਰ) | ੨੯ (14 ਅਕਤੂਬਰ) | ੩੦ (15 ਅਕਤੂਬਰ) | ੩੧ (16 ਅਕਤੂਬਰ) | | | |

### ਕੱਤਕ (ਅਕਤੂਬਰ-24 – ਨਵੰਬਰ-24)

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| | | | | ੧ (17 ਅਕਤੂਬਰ) | ੨ (18 ਅਕਤੂਬਰ) | ੩ (19 ਅਕਤੂਬਰ) |
| ੪ (20 ਅਕਤੂਬਰ) | ੫ (21 ਅਕਤੂਬਰ) | ੬ (22 ਅਕਤੂਬਰ) | ੭ (23 ਅਕਤੂਬਰ) | ੮ (24 ਅਕਤੂਬਰ) | ੯ (25 ਅਕਤੂਬਰ) | ੧੦ (26 ਅਕਤੂਬਰ) |
| ੧੧ (27 ਅਕਤੂਬਰ) | ੧੨ (28 ਅਕਤੂਬਰ) | ੧੩ (29 ਅਕਤੂਬਰ) | ੧੪ (30 ਅਕਤੂਬਰ) | ੧੫ (31 ਅਕਤੂਬਰ) | ੧੬ (1 ਨਵੰਬਰ) | ੧੭ (2 ਨਵੰਬਰ) |
| ੧੮ (3 ਨਵੰਬਰ) | ੧੯ (4 ਨਵੰਬਰ) | ੨੦ (5 ਨਵੰਬਰ) | ੨੧ (6 ਨਵੰਬਰ) | ੨੨ (7 ਨਵੰਬਰ) | ੨੩ (8 ਨਵੰਬਰ) | ੨੪ (9 ਨਵੰਬਰ) |
| ੨੫ (10 ਨਵੰਬਰ) | ੨੬ (11 ਨਵੰਬਰ) | ੨੭ (12 ਨਵੰਬਰ) | ੨੮ (13 ਨਵੰਬਰ) | ੨੯ (14 ਨਵੰਬਰ) | ੩੦ (15 ਨਵੰਬਰ) | |

### ਮੱਘਰ (ਨਵੰਬਰ-24 – ਦਸੰਬਰ-24)

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| | | | | | | ੧ (16 ਨਵੰਬਰ) |
| ੨ (17 ਨਵੰਬਰ) | ੩ (18 ਨਵੰਬਰ) | ੪ (19 ਨਵੰਬਰ) | ੫ (20 ਨਵੰਬਰ) | ੬ (21 ਨਵੰਬਰ) | ੭ (22 ਨਵੰਬਰ) | ੮ (23 ਨਵੰਬਰ) |
| ੯ (24 ਨਵੰਬਰ) | ੧੦ (25 ਨਵੰਬਰ) | ੧੧ (26 ਨਵੰਬਰ) | ੧੨ (27 ਨਵੰਬਰ) | ੧੩ (28 ਨਵੰਬਰ) | ੧੪ (29 ਨਵੰਬਰ) | ੧੫ (30 ਨਵੰਬਰ) |
| ੧੬ (1 ਦਸੰਬਰ) | ੧੭ (2 ਦਸੰਬਰ) | ੧੮ (3 ਦਸੰਬਰ) | ੧੯ (4 ਦਸੰਬਰ) | ੨੦ (5 ਦਸੰਬਰ) | ੨੧ (6 ਦਸੰਬਰ) | ੨੨ (7 ਦਸੰਬਰ) |
| ੨੩ (8 ਦਸੰਬਰ) | ੨੪ (9 ਦਸੰਬਰ) | ੨੫ (10 ਦਸੰਬਰ) | ੨੬ (11 ਦਸੰਬਰ) | ੨੭ (12 ਦਸੰਬਰ) | ੨੮ (13 ਦਸੰਬਰ) | ੨੯ (14 ਦਸੰਬਰ) |

### ਪੋਹ (ਦਸੰਬਰ-24 – ਜਨਵਰੀ-25)

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| ੧ (15 ਦਸੰਬਰ) | ੨ (16 ਦਸੰਬਰ) | ੩ (17 ਦਸੰਬਰ) | ੪ (18 ਦਸੰਬਰ) | ੫ (19 ਦਸੰਬਰ) | ੬ (20 ਦਸੰਬਰ) | ੭ (21 ਦਸੰਬਰ) |
| ੮ (22 ਦਸੰਬਰ) | ੯ (23 ਦਸੰਬਰ) | ੧੦ (24 ਦਸੰਬਰ) | ੧੧ (25 ਦਸੰਬਰ) | ੧੨ (26 ਦਸੰਬਰ) | ੧੩ (27 ਦਸੰਬਰ) | ੧੪ (28 ਦਸੰਬਰ) |
| ੧੫ (29 ਦਸੰਬਰ) | ੧੬ (30 ਦਸੰਬਰ) | ੧੭ (31 ਦਸੰਬਰ) | ੧੮ (1 ਜਨਵਰੀ) | ੧੯ (2 ਜਨਵਰੀ) | ੨੦ (3 ਜਨਵਰੀ) | ੨੧ (4 ਜਨਵਰੀ) |
| ੨੨ (5 ਜਨਵਰੀ) | ੨੩ (6 ਜਨਵਰੀ) | ੨੪ (7 ਜਨਵਰੀ) | ੨੫ (8 ਜਨਵਰੀ) | ੨੬ (9 ਜਨਵਰੀ) | ੨੭ (10 ਜਨਵਰੀ) | ੨੮ (11 ਜਨਵਰੀ) |
| ੨੯ (12 ਜਨਵਰੀ) | ੩੦ (13 ਜਨਵਰੀ) | | | | | |

### ਮਾਘ (ਜਨਵਰੀ-25 – ਫਰਵਰੀ-25)

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| | | ੧ (14 ਜਨਵਰੀ) | ੨ (15 ਜਨਵਰੀ) | ੩ (16 ਜਨਵਰੀ) | ੪ (17 ਜਨਵਰੀ) | ੫ (18 ਜਨਵਰੀ) |
| ੬ (19 ਜਨਵਰੀ) | ੭ (20 ਜਨਵਰੀ) | ੮ (21 ਜਨਵਰੀ) | ੯ (22 ਜਨਵਰੀ) | ੧੦ (23 ਜਨਵਰੀ) | ੧੧ (24 ਜਨਵਰੀ) | ੧੨ (25 ਜਨਵਰੀ) |
| ੧੩ (26 ਜਨਵਰੀ) | ੧੪ (27 ਜਨਵਰੀ) | ੧੫ (28 ਜਨਵਰੀ) | ੧੬ (29 ਜਨਵਰੀ) | ੧੭ (30 ਜਨਵਰੀ) | ੧੮ (31 ਜਨਵਰੀ) | ੧੯ (1 ਫਰਵਰੀ) |
| ੨੦ (2 ਫਰਵਰੀ) | ੨੧ (3 ਫਰਵਰੀ) | ੨੨ (4 ਫਰਵਰੀ) | ੨੩ (5 ਫਰਵਰੀ) | ੨੪ (6 ਫਰਵਰੀ) | ੨੫ (7 ਫਰਵਰੀ) | ੨੬ (8 ਫਰਵਰੀ) |
| ੨੭ (9 ਫਰਵਰੀ) | ੨੮ (10 ਫਰਵਰੀ) | ੨੯ (11 ਫਰਵਰੀ) | | | | |

### ਫੱਗਣ (ਫਰਵਰੀ-25 – ਮਾਰਚ-25)

| ਐਤ | ਸੋਮ | ਮੰਗਲ | ਬੁੱਧ | ਵੀਰ | ਸ਼ੁੱਕਰ | ਸ਼ਨਿੱਚਰ |
|---|---|---|---|---|---|---|
| | | | ੧ (12 ਫਰਵਰੀ) | ੨ (13 ਫਰਵਰੀ) | ੩ (14 ਫਰਵਰੀ) | ੪ (15 ਫਰਵਰੀ) |
| ੫ (16 ਫਰਵਰੀ) | ੬ (17 ਫਰਵਰੀ) | ੭ (18 ਫਰਵਰੀ) | ੮ (19 ਫਰਵਰੀ) | ੯ (20 ਫਰਵਰੀ) | ੧੦ (21 ਫਰਵਰੀ) | ੧੧ (22 ਫਰਵਰੀ) |
| ੧੨ (23 ਫਰਵਰੀ) | ੧੩ (24 ਫਰਵਰੀ) | ੧੪ (25 ਫਰਵਰੀ) | ੧੫ (26 ਫਰਵਰੀ) | ੧੬ (27 ਫਰਵਰੀ) | ੧੭ (28 ਫਰਵਰੀ) | ੧੮ (1 ਮਾਰਚ) |
| ੧੯ (2 ਮਾਰਚ) | ੨੦ (3 ਮਾਰਚ) | ੨੧ (4 ਮਾਰਚ) | ੨੨ (5 ਮਾਰਚ) | ੨੩ (6 ਮਾਰਚ) | ੨੪ (7 ਮਾਰਚ) | ੨੫ (8 ਮਾਰਚ) |
| ੨੬ (9 ਮਾਰਚ) | ੨੭ (10 ਮਾਰਚ) | ੨੮ (11 ਮਾਰਚ) | ੨੯ (12 ਮਾਰਚ) | ੩੦ (13 ਮਾਰਚ) | | |

● ਸੰਗਰਾਂਦ ● ਮੱਸਿਆ ● ਪੂਰਨਮਾਸ਼ੀ

### ਗੁਰਪੁਰਬ

ਅਰੰਭਤਾ ਸੰਮਤ ਨਾਨਕਸ਼ਾਹੀ ੫੫੬ — 01 ਚੇਤ

[illegible]

### ਇਤਿਹਾਸਕ ਦਿਹਾੜੇ

[illegible]

### ਸਰਕਾਰੀ ਛੁੱਟੀਆਂ

[illegible]

### ਭਗਤ ਸਾਹਿਬਾਨ ਦੇ ਦਿਹਾੜੇ

[illegible]

## ਪ੍ਰਕਾਸ਼ਕ: ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ.ਕੇ.

ਸੰਪਰਕ : +44 78139 53484, +44 75392 43163, +44 7976210161, +91 94788 97960 E-Mail : nsycuk1469@gmail.com, Web : www.nsycuk.com


ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ । ਵਾਹਿਗੁਰੂ ਜੀ ਕੀ ਫਤਿਹ ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



# 6 ਜੂਨ 1984 ਦੇ 40ਵੇਂ ਘੱਲੂਘਾਰੇ ਨੂੰ ਸਮਰਪਿਤ 40 ਦਿਨ ਵਾਹਿਗੁਰੂ ਸਿਮਰਨ

**ਜੂਨ 1984 ਦੇ ਸਮੂਹ ਸ਼ਹੀਦ ਕੀਤੇ ਸਿੰਘ ਸਿੰਘਣੀਆਂ ਭੁਝੰਗੀਆਂ ਦੀਆਂ ਸ਼ਹੀਦੀਆਂ ਨੂੰ ਸਮਰਪਿਤ 40 ਦਿਨ ਨਾਮ ਸਿਮਰਨ ਕਰਵਾਇਆ ਜਾ ਰਿਹਾ ਹੈ**

• 27 ਅਪ੍ਰੈਲ ਸ਼ਨਿੱਚਰਵਾਰ ਸ਼ਾਮ 5 ਵਜੇ ਪਹਿਲੇ ਦਿਨ ਦੀ ਵਾਹਿਗੁਰੂ ਸਿਮਰਨ ਦੀ ਆਰੰਭਤਾ ਹੋਵੇਗੀ • 8 ਜੂਨ 2024 ਸ਼ਨਿੱਚਰਵਾਰ ਸ਼ਾਮ 6 ਵਜੇ ਸਮਾਪਤੀ ਹੋਵੇਗੀ

ਸਮੇਂ ਦਾ ਵੇਰਵਾ : ਹਰ ਸ਼ਨਿੱਚਰਵਾਰ ਸ਼ਾਮ 5 ਤੋਂ 6 ਵਜੇ ਤੱਕ, ਬਾਕੀ ਸਾਰੇ ਦਿਨ ਹਰ ਰੋਜ ਸ਼ਾਮ 7 ਵਜੇ ਆਰੰਭਤਾ, 8 ਵਜੇ ਵਾਹਿਗੁਰੂ ਸਿਮਰਨ ਦੀ ਸਮਾਪਤੀ ਹੋਵੇਗੀ।

☛ ਵੱਧ ਤੋਂ ਵੱਧ ਸ਼ੇਅਰ ਜ਼ਰੂਰੀ ਕਰਨਾ ਜੀ

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**

**ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ**

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-

ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778

ਭਾਈ ਬਲਰਾਮ ਸਿੰਘ +393885751594

ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ । ਆਪਣਾ ਕੀਮਤੀ ਸਮਾਂ ਕੱਢਕੇ ਸਮਾਗਮਾ ਵਿਚ ਪੁਹੁੰਚਣ ਦੀ ਕ੍ਰਿਪਾਲਤਾ ਕਰੋ ਜੀ।

**Gurdwara Sahib Shaeed Baba Deep Singh ji Damdami Taksaal**

Via Giacomo Matteotti 3Cap
26020Casalmorano Cremona (IT)

E-mail : gur.damdamitaksaalitaly@gmail.com

Call+393475711755 / 3208124778




ਸੰਤ ਚਰਨਜੀਤ ਸਿੰਘ ਜੱਸੋਵਾਲ ਵੱਲੋਂ ਸੰਸਾਰ ਦੀਆਂ ਸੰਗਤਾਂ ਨੂੰ ਬੇਨਤੀ ਹੈ ਕਿ ਆਪਣੇ ਸਾਰੇ ਵਹੀਕਲਾਂ ਤੇ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਦੋ ਜੂਨ ਰੋਡੇ ਪੁੱਜਣ ਵਾਲੇ ਸਟਿੱਕਰ ਲਾ ਕੇ ਸੰਤਾਂ ਦੀਆਂ ਖੁਸ਼ੀਆਂ ਲਵੋ।



--✶ ਗੁਰੂ ਗ੍ਰੰਥ ਪੰਥ ਦੇ ਦਾਸ ✶--

# ਜਥੇਬੰਦੀ ਦਮਦਮੀ ਟਕਸਾਲ ਭਿੰਡਰਾਂਵਾਲੇ




ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243


ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ
ਦੇ ਜਨਮ ਦਿਨ ਤੇ
ਆਵਾਜ਼ਿ ਕੌਮ
AWAZE QAUM
International Newspaper & WEB TV
2 ਜੂਨ ਨੂੰ ਰੋਡੇ ਪੁੱਜੋ
ਬੇਨਤੀ ਕਰਤਾ
ਸੰਤ ਬਾਬਾ ਚਰਨਜੀਤ ਸਿੰਘ ਜੀ ਜੱਸੋਵਾਲ
ਦਮਦਮੀ ਟਕਸਾਲ ਭਿੰਡਰਾਂ ਵਾਲੇ
ਮੈਂਬਰ ਸ਼੍ਰੋਮਣੀ ਕਮੇਟੀ ਸ੍ਰੀ ਅੰਮ੍ਰਿਤਸਰ ਅਤੇ
ਮੁੱਖ ਬੁਲਾਰੇ ਇੰਟਰਨੈਸ਼ਨਲ ਪੰਥਕ ਦਲ

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ । ਵਾਹਿਗੁਰੂ ਜੀ ਕੀ ਫਤਿਹ ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



# ਮਹਾਨ ਅਵਤਾਰ ਪੁਰਬ

ਅਵਤਾਰ ਪੁਰਬ ਧੰਨ ਸ਼੍ਰੀ ਗੁਰੂ ਅੰਗਦ ਦੇਵ ਸਾਹਿਬ ਜੀ, ਸ਼ਹੀਦ ਬਾਬਾ ਬੰਦਾ ਸਿੰਘ ਬਹਾਦਰ ਸਰਹਿੰਦ ਫ਼ਤਿਹ ਦਿਵਸ, ਸਲਾਨਾ ਬਰਸੀਂ ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਵਾਲੇ ਗੱਗੋਬੂਹਾ (ਅੰਮ੍ਰਿਤ) ਸਾਹਿਬ ਜੀ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ



ਭਾਰਤ ਦੀ ਕਾਂਗਰਸ ਸਰਕਾਰ ਨੇ ਜੂਨ 1984 ਘੱਲੂਘਾਰੇ ਤੇ ਕੀਤੇ ਸ਼ਹੀਦ ਸਿੰਘ ਸਿੰਘਣੀਆਂ ਭੁਝੰਗੀਆਂ ਦੀ ਸ਼ਹੀਦੀ ਨੂੰ ਸਮਰਪਿਤ 40 ਦਿਨ ਹਰ ਰੋਜ ਸੋਮਵਾਰ ਤੋਂ ਸ਼ੁੱਕਰਵਾਰ ਸ਼ਾਮਾਂ ਨੂੰ 7 ਤੋਂ 8 ਵਜ਼ੇ ਤੱਕ ਵਾਹਿਗੁਰੂ ਦਾ ਅਭਿਆਸ ਸਿਮਰਨ ਹੋਵੇਗਾ

ਸ਼ਨਿੱਚਰਵਾਰ 11 ਮਈ ਸ਼ਾਮ 5 ਤੋਂ 6 ਵਜ਼ੇ ਤੱਕ ਵਾਹਿਗੁਰੂ ਸਿਮਰਨ 6 ਤੋ 8 ਵਜ਼ੇ ਤੱਕ ਦੀਵਾਨ ਸੱਜਣਗੇ।

ਐਤਵਾਰ 12 ਮਈ 2024 ਸਮਾਂ 6 6:30 ਵਜੇ ਸਵੇਰੇ ਚਪੈਹਿਰੇ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 9: 30 ਵਜੇ ਭੋਗ ਪੈਣਗੇ ਉਪੰਰਤ 12:30 ਵਜੇ ਤੱਕ ਦੀਵਾਨ ਸਜਣਗੇ।

ਕਥਾ ਵਾਚਕ ਭਾਈ ਦਇਆ ਸਿੰਘ ਯੂ.,ਐਸੇ,ਏ ਵਾਲੇ ਅਤੇ ਭਾਈ ਜਸਪਾਲ ਸਿੰਘ ਬਟਾਲੇ ਵਾਲੇ ਕਥਾ ਰਾਹੀਂ ਗੁਰਬਾਣੀ ਕਥਾ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਨਾਲ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

☛ ਸਟਾਲ ਵੀ ਲੱਗਣਗੇ
☛ ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**

**ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ**

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-
ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778
ਭਾਈ ਬਲਰਾਮ ਸਿੰਘ +393885751594
ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

☛ ਸ਼ੇਅਰ ਜ਼ਰੂਰੀ ਕਰਨਾ ਜੀ ☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ । ਆਪਣਾ ਕੀਮਤੀ ਸਮਾਂ ਕੱਢਕੇ ਸਮਾਗਮਾ ਵਿਚ ਪੁਹੰਚਣ ਦੀ ਕ੍ਰਿਪਾਲਤਾ ਕਰੋ ਜੀ।

**Gurdwara Sahib Shaeed Baba Deep Singh ji Damdami Taksaal**
Via Giacomo Matteotti 3Cap
26020Casalmorano Cremona (IT)
E-mail : gur.damdamitaksaalitaly@gmail.com
Call+393475711755 / 3208124778

### ਮਾਇਆਧਾਰੀ ਸਿਖ ਲੀਡਰਸ਼ਿਪ ਨਹੀਂ ਚਾਹੁੰਦੀ ਭਾਈ ਜੀਵਨ ਸਿੰਘ ਹੁਸ਼ਿਆਰਪੁਰ ਤੋਂ ਚੋਣ ਲੜੇ

# ਸੰਗਤ ਦਸਵੰਧ ਤੇ ਵੋਟ ਨਾਲ ਭਾਈ ਜੀਵਨ ਸਿੰਘ ਦੀ ਹਮਾਇਤ ਕਰੇ



**☛ ਲੋਕ ਸਭਾ ਹੁਸ਼ਿਆਰਪੁਰ ਤੋਂ ਸੁਨੇਹਾ ਦੇਵੇ ਦਬੇ ਕੁਚਲਿਆਂ ਦਾ ਵਾਰਸ ਸਿਖ ਪੰਥ ਹੈ ☛ ਗੁਰੂ ਗਰੰਥ ਸਾਹਿਬ ਦੀ ਸ਼ਰਨ ਵਿਚ ਆਉ ਲੋਕ ਪਖੀ ਸਿਆਸਤ ਖੜੀ ਕਰੋ,ਕਿਰਤੀਆਂ ਤੇ ਦਲਿਤਾਂ ਦੇ ਮੁਕਤੀ ਵੱਲ ਵਧੋ**

**ਸਿਖ ਪੰਥ** ਨੂੰ ਇਕ ਗਲ ਯਾਦ ਰਖਣੀ ਚਾਹੀਦੀ ਹੈ ਕਿ ਉਨ੍ਹਾਂ ਦੀ ਕੋਈ ਜਮਹੂਰੀ ਲੀਡਰਸ਼ਿਪ ਨਹੀਂ ਹੈ ਜੋ ਲੀਡਰਸ਼ਿਪ ਦਿਖ ਰਹੀ ਹੈ ਉਹ ਜਾਗੀਰੂ ,ਜਾਤੀਵਾਦੀ ਤੇ ਮਾਇਆ ਧਾਰੀ ਹੈ ਮਾਇਆਧਾਰੀ ਦਾ ਸਚ ਤੇ ਸਿਧਾਂਤ ਨਾਲ ਕੋਈ ਵਾਸਤਾ ਨਹੀਂ ਹੁੰਦਾ ਉਸਦੀ ਸੋਚ ਸਤਾ ਤੇ ਮਾਇਆ ਹਾਸਲ ਕਰਨ ਤਕ ਹੁੰਦੀ ਹੈ ਸਿਆਸਤ ਉਸਦਾ ਬਿਜਨਸ ਹੈ ਅੱਜ ਅਸੀਂ ਸਿਖ ਆਪਣੇ ਆਪ ਨੂੰ ਲੀਡਰਲੈਸ ਇਸ ਲਈ ਕਬੂਲ ਕਰਦੇ ਹਾਂ ਕਿ ਸਾਡਾ ਰਾਜਨੀਤਕ ਤੇ ਸ਼ੋਸ਼ਲ ਵਿਕਾਸ ਨਹੀਂ ਹੋਇਆ ਧਾਰਮਿਕ ਤੌਰ ਉਪਰ ਵੀ ਪਛੜੇ ਹਾਂ ਵਿਦਿਅਕ ਤੌਰ ਉਪਰ ਵੀ ਪੰਜਾਬ ਦੇ ਅਧਿਕਾਰ ਤੇ ਸਾਡੇ ਮਨੁੱਖੀ ਅਧਿਕਾਰ ਖੁੰਝੇ ਲਗੇ ਹਨ ਗੁਰਬਾਣੀ ਤਾਂ ਆਦੇਸ਼ ਦਿੰਦੀ ਹੈ-

**ਮਾਇਆਧਾਰੀ ਅਤਿ ਅੰਨਾ ਬੋਲਾ ॥**
**ਸਬਦੁ ਨ ਸੁਣਈ ਬਹੁ ਰੋਲ ਘਚੋਲਾ ॥**

ਜਿਸ ਮਨੁੱਖ ਨੇ ਹਿਰਦੇ ਵਿਚ ਮਾਇਆ ਦਾ ਵਾਸਾ ਹੈ ਉਹ ਸਤਿਗੁਰੂ ਵਲੋਂ ਅੰਨ੍ਹਾ ਤੇ ਬੋਲਾ ਹੈ ਭਾਵ,ਉਹ ਰਬੀ ਸਚ ਤੇ ਨੈਤਿਕਤਾ ਆਦਰਸ਼ਵਾਦ ਤੋਂ ਵਿਰਵਾ ਹੈ ਬੇਈਮਾਨ ਹੈ ਉਹ ਮਨੁੱਖ ਸਤਿਗੁਰੂ ਦੇ ਸ਼ਬਦ ਤੇ ਹੁਕਮ ਵਲ ਧਿਆਨ ਨਹੀਂ ਦੇਂਦਾ, ਪਰ ਉਹ ਮਾਇਆ ਦੇ ਅਡੰਬਰ ਤੇ ਰੌਲੇ ਵਿਚ ਸਮਾਇਆ ਹੋਇਆ ਹੈ। ਉਸਦੀ ਚਿੰਤਾ ਲੋਕ ਨਹੀਂ ਸਤਾ ਲੋਭ ਲਾਲਚ ਹੈ।

ਇਹ ਗੁਰੂ ਦਾ ਹੁਕਮ ਹੁਸ਼ਿਆਰਪੁਰ ਵਿਚ ਸਚਾ ਸਿਧ ਹੋਇਆ ਹੈ ਤਾਮਿਲ ਦਲਿਤ ਤੋਂ ਬਣਿਆ ਸਿੰਘ ਜੀਵਨ ਸਿੰਘ ਹੁਸ਼ਿਆਰਪੁਰ ਲੋਕ ਸਭਾ ਸੀਟ ਲੜ ਰਿਹਾ ਹੈ ਉਹ ਆਪਣਾ ਨਿਸ਼ਾਨਾ ਗੁਰੂ ਗਰੰਥ ਸਾਹਿਬ ਦੀ ਵਿਚਾਰਧਾਰਾ ਅਨੁਸਾਰ ਸਮਾਜ ਤੇ ਰਾਜਨੀਤੀ ਤੇ ਸਤਾ ਸਿਰਜਣਾ ਤੇ ਨਿਭਾਉਣਾ ਦਸਦਾ ਹੈ ਠੀਕ ਹੈ ਉਸਦੀ ਬੋਲੀ ਅੰਗਰੇਜ਼ੀ ਹੈ ਪੰਜਾਬੀ ਸਿਖ ਰਿਹਾ ਹੈ ਜੇਕਰ ਉਹ ਪੰਜਾਬ ਦੇ ਸਿਖਾਂ ਕੋਲ ਆਸ ਲੈਕੇ ਆਇਆ ਹੈ ਤਾਂ ਕੀ ਸਿਖਾਂ ਨੂੰ ਉਸਦੇ ਮਗਰ ਖਲੌਕੇ ਉਸਦਾ ਆਦਰ ਨਹੀਂ ਕਰਨਾ ਚਾਹੀਦਾ ਕਿ ਅਸੀਂ ਗੁਰੂ ਨਾਨਕ ਦੇ ਸਿਖ ਦਬੇ ਕੁਚਲਿਆਂ ਦੇ ਹਕ ਵਿਚ ਹਾਂ ਸਾਡਾ ਜਾਤੀਵਾਦ ਤੇ ਮਨੂਵਾਦ ਨਾਲ ਦੂਰ ਦਾ ਵਾਸਤਾ ਨਹੀਂ।

ਅਸੀਂ ਗੁਰੂ ਨਾਨਕ ਦੇ ਸਿਖ ਇਸ ਲੋਕ ਸਭਾ ਸੀਟ ਹੁਸ਼ਿਆਰਪੁਰ ਤੋਂ ਪੂਰੇ ਹਿੰਦੁਸਤਾਨ ਨੂੰ ਦੇਣਾ ਚਾਹੁੰਦੇ ਹਾਂ ਕਿ ਗੁਰੂ ਨਾਨਕ ਦਾ ਪੰਥ ਖਾਲਸਾ ਪੰਥ ਦਬੇ ਕੁਚਲਿਆਂ ਦਾ ਵਾਰਸ ਹੈ ਸਿਖ ਧਰਮ ਅਪਨਾਉ ਜਾਤੀ ਸਿਸਟਮ ਤੇ ਮਨੂਵਾਦ ਤੋਂ ਮੁਕਤ ਹੋਵੋ ਪਰ ਹੈਰਾਨੀ ਦੀ ਗਲ ਹੈ ਕਿ ਮਾਇਆਧਾਰੀ ਸਿਖ ਲੀਡਰਸ਼ਿਪ ਭਾਈ ਜੀਵਨ ਸਿੰਘ ਦੀ ਹਮਾਇਤ ਕਰਨ ਨੂੰ ਤਿਆਰ ਨਹੀਂ ਇਕ ਵਡੇ ਸਿਖ ਲੀਡਰ ਨਾਲ ਉਸ ਦੀ ਬੈਠਕ ਹੋਈ ਪਰ ਉਸ ਲੀਡਰ ਨੇ ਪੁਛਿਆ ਤੇਰੇ ਕੋਲ ਕਿੰਨਾ ਪੈਸਾ ਹੈ ਜੋ ਇਹ ਲੋਕ ਸਭਾ ਸੀਟ ਲੜਨ ਆਇਆ ਹੈਂ ਇਹ ਲੀਡਰ ਦਾਅਵਾ ਕਰਦਾ ਹੈ ਕਿ ਉਸਨੇ ਸਿਖ ਪੰਥ ਲਈ ਵਡੀ ਕੁਰਬਾਨੀ ਕੀਤੀ ਹੈ ਪਰ ਸੁਆਲ ਪੁਛਣਾ ਬਣਦਾ ਹੈ ਕਿ ਤੁਸੀਂ ਆਪਣੀਆਂ ਕੁਰਬਾਨੀਆਂ ਦਾ ਮੁਲ ਕਿਉਂ ਵਟ ਰਹੇ ਹੋ ਕੀ ਤੁਹਾਡੇ ਵਿਚ ਸਿਖੀ ਸਿਦਕ ਹੈ।

ਬਾਦਲਕਿਆਂ ਦਾ ਉਮੀਦਵਾਰ ਕਿੰਨਾ ਕੁ ਇਥੇ ਲੋਕ ਪਖੀ ਤੇ ਪੰਥ ਪ੍ਰਸਤ ਹੈ ਸਾਨੂੰ ਆਮ ਸਿਖਾਂ ਨੂੰ ਇਹ ਵਾਗਡੋਰ ਸੰਭਾਲਣ ਦੀ ਲੋੜ ਹੈ ਕਿ ਅਸੀਂ ਦਬੇ ਕੁਚਲਿਆਂ ਨਾਲ ਹਾਂ ਸਿਆਸਤ ਤੇ ਸਤਾ ਉਪਰ ਜਗੀਰਦਾਰ ਸੋਚ ਵਾਲਿਆਂ ਮਾਇਆ ਧਾਰੀਆਂ ਦਾ ਹਕ ਨਹੀਂ ਸਾਨੂੰ ਗੁਰੂ ਨੇ ਦਸਵੰਥ.ਧ ਸਿਸਟਮ ਦਿਤਾ ਹੈ ਅਸੀਂ ਵੋਟ ਤੇ ਨੋਟ ਸੰਗਤ ਕੋਲੋ ਮੰਗਾਂਗੇ ਗਲ ਇਹ ਕਿ ਹੁਸ਼ਿਆਰਪੁਰ ਸੀਟ ਤੋਂ ਗੁਰੂ ਨਾਨਕ ਦਾ ਜਜਬਾ ਤੇ ਸਬਦ ਗੁਰੂ ਦੀ ਵਿਚਾਰ ਧਾਰਕ ਜੋਤਿ ਸੰਗਤ ਵਿਚ ਜਗਾਈ ਜਾਵੇ। ਮਾਇਆਧਾਰੀ ਨਾਗਾਂ ਦਾ ਕਬਜਾ ਸਿਖ ਰਾਜਨੀਤੀ ਤੋਂ ਖਤਮ ਕੀਤਾ ਜਾਵੇ।

**-ਬਲਵਿੰਦਰਪਾਲ ਸਿੰਘ (ਪ੍ਰੋਪ.)**

### ਅਕਾਲ ਯੂਨੀਵਰਸਿਟੀ ਦੇ ਭੌਤਿਕ ਵਿਗਿਆਨ ਵਿਭਾਗ ਵੱਲੋਂ

# 'ਨਿਊਕਲੀਅਰ ਸ਼ੈੱਲ ਮਾਡਲ' 'ਤੇ ਅੰਤਰਰਾਸ਼ਟਰੀ ਵੈਬੀਨਾਰ ਦਾ ਆਯੋਜਨ







**ਤਲਵੰਡੀ ਸਾਬੋ, 07 ਮਈ (ਗੁਰਜੰਟ ਸਿੰਘ ਨਥੇਹਾ)**- ਅਕਾਲ ਯੂਨੀਵਰਸਿਟੀ ਦੇ ਭੌਤਿਕ ਵਿਗਿਆਨ ਵਿਭਾਗ ਨੇ ਨਵੀਂ ਸ਼ੁਰੂ ਕੀਤੀ ਭੌਤਿਕ ਵਿਗਿਆਨ ਖੋਜ ਸੈਮੀਨਾਰ ਲੜੀ ਦੇ ਹਿੱਸੇ ਵਜੋਂ "ਨਿਊਕਲੀਅਰ ਸ਼ੈੱਲ ਮਾਡਲ" ਸਿਰਲੇਖ ਨਾਲ ਇੱਕ ਅੰਤਰਰਾਸ਼ਟਰੀ ਵੈਬੀਨਾਰ ਦਾ ਆਯੋਜਨ ਕੀਤਾ। ਡਾ. ਸੁਸ਼ੀਲ ਕੁਮਾਰ ਨੇ ਮਹਿਮਾਨ ਬੁਲਾਰੇ ਪ੍ਰੋ. ਪੀ. ਵੈਨ ਈਸੈਕਰ, ਗੈਨਿਲ ਫਰਾਂਸ ਸਹਿਤ ਔਨਲਾਈਨ ਅਤੇ ਔਫਲਾਈਨ ਸ਼ਾਮਲ ਹੋਏ ਸਾਰੇ ਭਾਗੀਦਾਰਾਂ ਦਾ ਨਿੱਘਾ ਸੁਆਗਤ ਕੀਤਾ। ਇਹ ਵੈਬੀਨਾਰ "ਭੌਤਿਕ ਵਿਗਿਆਨ ਖੋਜ ਸੈਮੀਨਾਰ ਸੀਰੀਜ਼" ਦਾ ਹਿੱਸਾ ਹੈ ਜੋ ਹਾਲ ਹੀ ਵਿੱਚ ਭੌਤਿਕ ਵਿਗਿਆਨ ਵਿਭਾਗ ਵਿੱਚ ਖੋਜ ਵਾਤਾਵਰਣ ਨੂੰ ਉਤਸ਼ਾਹਿਤ ਕਰਨ ਲਈ ਸ਼ੁਰੂ ਕੀਤੀ ਗਈ ਹੈ। ਦੁਨੀਆ ਦੇ ਵੱਖ-ਵੱਖ ਹਿੱਸਿਆਂ ਤੋਂ ਕੁੱਲ 449 ਭਾਗੀਦਾਰਾਂ ਦੇ ਰਜਿਸਟਰ ਹੋਣ ਕਾਰਣ ਇਸ ਪ੍ਰੋਗਰਾਮ ਨੇ ਵਿਸ਼ਵ ਪੱਧਰ 'ਤੇ ਮਹੱਤਵਪੂਰਨ ਹਾਜ਼ਰੀ ਲਗਾਈ। ਇਸ ਵੈਬੀਨਾਰ ਵਿੱਚ 15 ਵੱਕਾਰੀ ਸੰਸਥਾਵਾਂ ਜਿਵੇਂ ਕਿ ਆਈ.ਆਈ.ਟੀ., ਆਈ.ਆਈ.ਐਸ.ਈ.ਆਰ., 48 ਯੂਨੀਵਰਸਿਟੀਆਂ ਅਤੇ 32 ਕਾਲਜਾਂ ਦੇ ਨੁਮਾਇੰਦੇ ਸ਼ਾਮਲ ਸਨ, ਜੋ ਕਿ ਭਾਰਤ ਦੇ 20 ਵੱਖ-ਵੱਖ ਰਾਜਾਂ ਨਾਲ ਸੰਬੰਧਿਤ ਹਨ। ਇਸ ਤੋਂ ਇਲਾਵਾ ਯੂਕੇ, ਕੈਨੇਡਾ, ਯੂਐਸਏ, ਜਾਪਾਨ, ਨਾਈਜੀਰੀਆ, ਚੀਨ, ਇਜ਼ਰਾਈਲ, ਮਲੇਸ਼ੀਆ, ਇਟਲੀ, ਦੱਖਣੀ ਅਫਰੀਕਾ ਅਤੇ ਫਿਲੀਪੀਨਜ਼ ਸਮੇਤ ਦੇਸਾਂ ਤੋਂ ਪ੍ਰੋਗਰਾਮ ਵਿਚ ਸ਼ਮੂਲੀਅਤ ਇਸਦੇ ਅੰਤਰਰਾਸ਼ਟਰੀ ਮਹੱਤਵ ਨੂੰ ਹੋਰ ਉਜਾਗਰ ਕਰਦੇ ਹਨ। ਵੈਬੀਨਾਰ ਵਿੱਚ ਇੱਕ ਘੰਟਾ ਯੂ-ਟਿਊਬ ਲਾਈਵ ਸੈਸ਼ਨ ਹੋਇਆ, ਜਿਸ ਤੋਂ ਬਾਅਦ 45 ਮਿੰਟ ਦਾ ਇੰਟਰਐਕਸ਼ਨ ਹਿੱਸਾ ਰਿਹਾ। ਇਸ ਨਾਲ ਪਰਸਪਰ ਭਾਗੀਦਾਰਾਂ ਨੂੰ ਸਪੀਕਰ ਨਾਲ ਅਰਥਪੂਰਨ ਚਰਚਾ ਕਰਨ ਦਾ ਚੰਗਾ ਅਵਸਰ ਮਿਲਿਆ। ਰਿਸਰਚ ਸਕਾਲਰਾਂ ਅਤੇ ਪੀ.ਜੀ. ਦੇ ਵਿਦਿਆਰਥੀਆਂ ਨੇ ਮਾਣਯੋਗ ਸਪੀਕਰ ਵੱਲੋਂ ਸਵਾਲਾਂ ਦੇ ਵਿਸਤ੍ਰਿਤ ਜਵਾਬ ਪ੍ਰਾਪਤ ਕੀਤੇ, ਜਿਸ ਨਾਲ ਉਹਨਾਂ ਦੇ ਗਿਆਨ ਵਿਚ ਸਾਕਾਰਾਤਮਕ ਵਾਧਾ ਹੋਇਆ। ਅੰਤ ਵਿਚ ਡਾ. ਰਮਨਦੀਪ ਕੌਰ, ਫਿਜ਼ਕਿਸ ਵਿਭਾਗ ਨੇ ਧੰਨਵਾਦ ਦੀ ਰਸਮ ਅਦਾ ਕੀਤੀ।

# ਹਲਕਾ ਮੌੜ ਦੇ ਦੋ ਸਰਪੰਚ ਭਾਜਪਾ ਨੂੰ ਛੱਡ ਕੇ ਕਾਂਗਰਸ 'ਚ ਹੋਏ ਸ਼ਾਮਲ

## ਜੀਤਮਹਿੰਦਰ ਸਿੰਘ ਸਿੱਧੂ ਦੀ ਚੋਣ ਮੁਹਿੰਮ ਨੂੰ ਮਿਲਿਆ ਹੁਲਾਰਾ



ਤਲਵੰਡੀ ਸਾਬੋ, 7 ਮਈ (ਗੁਰਜੰਟ ਸਿੰਘ ਨਥੇਹਾ)- ਲੋਕ ਸਭਾ ਹਲਕਾ ਬਠਿੰਡਾ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਜੀਤਮਹਿੰਦਰ ਸਿੰਘ ਸਿੱਧੂ ਦੀ ਚੋਣ ਮੁਹਿੰਮ ਨੂੰ ਉਸ ਵਖ਼ਤ ਵੱਡਾ ਹੁਲਾਰਾ ਮਿਲਿਆ ਜਦੋਂ ਹਲਕਾ ਮੌੜ ਦੇ ਸੀਨੀਅਰ ਆਗੂ ਮਨਿੰਦਰ ਸਿੰਘ ਸੇਖੋਂ ਦੀ ਅਗਵਾਈ ਹੇਠ ਹਲਕਾ ਮੌੜ ਤੋਂ ਦੋ ਪਿੰਡਾਂ ਦੇ ਸਰਪੰਚਾਂ ਨੇ ਭਾਰਤੀ ਜਨਤਾ ਪਾਰਟੀ ਨੂੰ ਛੱਡ ਕੇ ਕਾਂਗਰਸ ਪਾਰਟੀ 'ਚ ਸ਼ਮੂਲੀਅਤ ਕਰ ਲਈ ਹੈ। ਇਸ ਮੌਕੇ ਪਿੰਡ ਬੰਘੇਰ ਚੜ੍ਹਤ ਸਿੰਘ ਦੇ ਸਰਪੰਚ ਜਗਰੂਪ ਸਿੰਘ ਅਤੇ ਬੁਰਜ ਸੇਮਾਂ ਦੇ ਸਰਪੰਚ ਕਾਲਾ ਸਿੰਘ ਤੇ ਉਹਨਾਂ ਦੇ ਵੱਡੀ ਗਿਣਤੀ ਸਾਥੀਆਂ ਨੂੰ ਮਨਿੰਦਰ ਸਿੰਘ ਸੇਖੋਂ ਤੇ ਬਲਾਕ ਪ੍ਰਧਾਨ ਸੁਖਦੀਪ ਸਿੰਘ ਰਾਮਨਗਰ ਵੱਲੋਂ ਕਾਂਗਰਸ ਪਾਰਟੀ ਦੇ ਚਿੰਨ੍ਹ ਗਲਾਂ 'ਚ ਪਾ ਕੇ ਉਹਨਾਂ ਨੂੰ ਪਾਰਟੀ 'ਚ ਸ਼ਾਮਿਲ ਕੀਤਾ। ਇਸ ਮੌਕੇ ਮਨਿੰਦਰ ਸਿੰਘ ਸੇਖੋਂ ਨੇ ਪਾਰਟੀ 'ਚ ਸ਼ਾਮਲ ਹੋਣ ਵਾਲੇ ਸਰਪੰਚਾਂ ਅਤੇ ਉਹਨਾਂ ਦੇ ਸਾਥੀਆਂ ਨੂੰ ਵਿਸ਼ਵਾਸ਼ ਦਿਵਾਇਆ ਕਿ ਪਾਰਟੀ ਅੰਦਰ ਉਹਨਾਂ ਦਾ ਪੂਰਾ ਮਾਣ ਸਤਿਕਾਰ ਹੋਵੇਗਾ। ਇਸ ਮੌਕੇ ਸ. ਸੇਖੋਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਅੱਜ ਦੇਸ਼ ਦੀ ਜਨਤਾ ਕਾਂਗਰਸ ਦੀਆਂ ਨੀਤੀਆਂ ਨੂੰ ਪਸੰਦ ਕਰ ਰਹੀ ਹੈ, ਜਿਸਦੇ ਤਹਿਤ ਹਲਕਾ ਮੌੜ ਅੰਦਰ ਲਗਾਤਾਰ ਵੱਖ ਵੱਖ ਪਾਰਟੀਆਂ ਦੇ ਪੰਚ ਸਰਪੰਚ ਤੇ ਵਰਕਰ ਧੜਾਧੜ ਕਾਂਗਰਸ ਪਾਰਟੀ 'ਚ ਸ਼ਾਮਿਲ ਹੋ ਰਹੇ ਹਨ। ਉਹਨਾਂ ਅੱਗੇ ਕਿਹਾ ਕਿ ਲੋਕ ਸਭਾ ਹਲਕਾ ਬਠਿੰਡਾ ਤੋਂ ਕਾਂਗਰਸ ਦੇ ਉਮੀਦਵਾਰ ਜੀਤਮਹਿੰਦਰ ਸਿੰਘ ਸਿੱਧੂ ਵੱਡੀ ਗਿਣਤੀ ਵੋਟਾਂ ਦੇ ਫਰਕ ਨਾਲ ਚੋਣ ਜਿੱਤਣਗੇ। ਇਸ ਮੌਕੇ ਰੋਸ਼ਨ ਲਾਲਾਂ, ਸਾਬਕਾ ਬਲਾਕ ਪ੍ਰਧਾਨ ਸੁਰਜੀਤ ਸਿੰਘ ਖੋਖਰ, ਸੰਮਤੀ ਮੈਂਬਰ ਭੋਲਾ ਸਿੰਘ, ਕੁਲਵੰਦ ਸਿੰਘ, ਘੋਟਾ ਖੋਖਰ, ਜਗਸੀਰ ਕੁਮਾਰ, ਗੁਰਸੇਵਕ ਸਿੰਘ ਮਾਨਸ਼ਾਹੀਆ, ਮਾਸਟਰ ਨਛੱਤਰ ਸਿੰਘ, ਧਰਮਵੀਰ ਸਿੰਘ, ਪੰਕਜ ਗੋਇਲ, ਜਤਿੰਦਰ ਕੁਮਾਰ ਲੱਕੀ ਆਦਿ ਤੋਂ ਇਲਾਵਾ ਕਾਂਗਰਸ ਵਰਕਰ ਮੌਜੂਦ ਸਨ।

## ਡਾ. ਰਾਕੇਸ਼ ਸ਼ਰਮਾ ਵਲੋਂ ਨਵਨਿਯੁਕਤ ਸਿਵਲ ਸਰਜਨ ਸਨਮਾਨਿਤ



**ਚੌਕ ਮਹਿਤਾ, 7 ਮਈ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਇੰਪਲਾਈਜ ਵੈਲਫ਼ੇਅਰ ਐਸੋਸੀਏਸ਼ਨ ਦੇ ਚੇਅਰਮੈਨ ਡਾ ਰਾਕੇਸ਼ ਕੁਮਾਰ ਸ਼ਰਮਾ ਵਲੋ ਡਾਕਟਰ ਸੁਮੀਤ ਸਿੰਘ ਨੂੰ ਜਿਲ੍ਹਾ ਸਿਵਲ ਸਰਜਨ ਦਾ ਕਾਰਜਕਾਰੀ ਤੌਰ ਤੇ ਅਹੁਦਾ ਸੰਭਾਲਣ ਤੇ ਸਨਮਾਨਿਤ ਕੀਤਾ ਗਿਆ ਇਸ ਮੌਕੇ ਸਿਵਲ ਸਰਜਨ ਡਾ ਸੁਮੀਤ ਸਿੰਘ ਨੇ ਕਿਹਾ ਕਿ ਉਹਨਾਂ ਦਾ ਮੁੱਖ ਮੰਤਵ ਸਿਹਤ ਵਿਭਾਗ ਦੇ ਸਾਰੇ ਪ੍ਰੋਗਰਾਮ ਅਤੇ ਸਕੀਮਾਂ ਦਾ ਲਾਭ ਆਮ ਲੋਕਾਂ ਤੱਕ ਪਹੁੰਚਾਉਣਾ ਹੈ ਅਤੇ ਜ਼ਲ੍ਹਿ ਭਰ ਵਿੱਚ ਸਿਹਤ ਸਹੂਲਤਾਂ ਦੇ ਮਿਆਰ ਨੂੰ ਹੋਰ ਉੱਚਾ ਚੁੱਕਣ ਲਈ ਹਰ ਸੰਭਵ ਯਤਨ ਕੀਤੇ ਜਾਣਗੇ

## ਟੀ.ਬੀ.ਐਸ ਇੰਟਰਨੈਸ਼ਨਲ ਸਕੂਲ ਵਿਚ ਮਨਾਇਆ ਵਿਸ਼ਵ ਹਾਸਾ ਦਿਵਸ




ਫ਼ਿਰੋਜ਼ਪੁਰ, 7 ਮਈ (ਮਨੋਹਰ ਲਾਲ) :— ਮੋਗਾ ਰੋਡ 'ਤੇ ਸਥਿਤ ਟੀ.ਬੀ.ਐਸ ਇੰਟਰਨੈਸ਼ਨਲ ਸਕੂਲ ਜੋ ਕਿ ਚੇਅਰਮੈਨ ਡਾ: ਹੀਰਾ ਲਾਲ ਸ਼ਰਮਾ, ਵਾਈਸ ਚੇਅਰਮੈਨ ਵਿਭੋਰ ਸ਼ਰਮਾ, ਜਨਰਲ ਸਕੱਤਰ ਸ਼ਿਵਮ ਸ਼ਰਮਾ ਅਤੇ ਮੈਨੇਜਿੰਗ ਡਾਇਰੈਕਟਰ ਦੀਪਾਲੀ ਸ਼ਰਮਾ ਦੀ ਦੇਖ—ਰੇਖ ਹੇਠ ਚੱਲ ਰਿਹਾ ਹੈ। ਸਕੂਲ ਵਿੱਚ ਨਿਊਟਨ ਹਾਊਸ ਦੇ ਵਿਦਿਆਰਥੀਆਂ ਵੱਲੋਂ ਅੱਜ ਵਿਸ਼ਵ ਹਾਸਾ ਦਿਵਸ ਮਨਾਇਆ ਗਿਆ। ਸਵੇਰ ਦੀ ਸਭਾ ਦੌਰਾਨ ਬੱਚਿਆਂ ਨੇ ਵਿਸ਼ਵ ਹਾਸਾ ਦਿਵਸ ਦੀ ਮਹੱਤਤਾ ਅਤੇ ਇਸ ਨੂੰ ਮਨਾਉਣ ਦੇ ਇਤਿਹਾਸ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ। ਇਸ ਮੌਕੇ ਵਿਦਿਆਰਥੀਆਂ ਵੱਲੋਂ ਹਾਸਿਆਂ ਨਾਲ ਭਰਪੂਰ ਨੁੱਕੜ ਨਾਟਕ ਪੇਸ਼ ਕੀਤਾ ਗਿਆ, ਜਿਸ ਨੂੰ ਦੇਖ ਕੇ ਹਰ ਕੋਈ ਹੱਸ ਪਿਆ। ਸਕੂਲ ਦੇ ਵਿਹੜੇ ਵਿੱਚ ਬੱਚਿਆਂ ਦੇ ਹਾਸੇ ਦੀ ਜ਼ੋਰਦਾਰ ਗੂੰਜ ਉੱਠੀ। ਇਸ ਦੌਰਾਨ ਕਾਮੇਡੀ ਯੋਗਾ ਵੀ ਕਰਵਾਇਆ ਗਿਆ, ਜਿਸ ਵਿੱਚ ਸਮੂਹ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਭਾਗ ਲਿਆ। ਸਕੂਲ ਪ੍ਰਿੰਸੀਪਲ ਰੇਖਾ ਪਾਸੀ ਨੇ ਮੀਟਿੰਗ ਵਿੱਚ ਹਾਜ਼ਰ ਸਾਰਿਆਂ ਨੂੰ ਵਿਸਥਾਰ ਨਾਲ ਦੱਸਿਆ ਕਿ ਹਾਸਾ ਸਾਡੇ ਸਾਰਿਆਂ ਲਈ ਬਹੁਤ ਜ਼ਰੂਰੀ ਹੈ। ਇਹ ਦਵਾਈ ਦਾ ਕੰਮ ਕਰਦਾ ਹੈ, ਜੇ ਅਸੀਂ ਦਿਨ—ਰਾਤ ਮਿਹਨਤ ਕਰਦੇ ਰਹੀਏ ਅਤੇ ਹੱਸਦੇ ਨਹੀਂ, ਖ਼ੁਸ਼ ਨਹੀਂ ਹੁੰਦੇ, ਤਾਂ ਅਸੀਂ ਬਿਮਾਰ ਹੋ ਜਾਵਾਂਗੇ। ਉਨ੍ਹਾਂ ਕਿਹਾ ਕਿ ਅੱਜ ਦੇ ਤਣਾਅਪੂਰਨ ਜੀਵਨ ਸ਼ੈਲੀ ਵਿੱਚ ਆਪਣੇ ਆਪ ਨੂੰ ਖ਼ੁਸ਼ ਰੱਖਣਾ ਬਹੁਤ ਜ਼ਰੂਰੀ ਹੈ।

## ਭਾਰਤੀ ਜਾਲਮ-ਤੰਤਰ ਵੱਲੋਂ ਸਿੱਖ ਨਸਲਕੁਸ਼ੀ ਸਿਰਫ਼

# 1984 ਵਿੱਚ ਹੀ ਨਹੀਂ ਹੋਈ ਬਲਕਿ ਅਜੇ ਵੀ ਜਾਰੀ : ਈਮਾਨ ਸਿੰਘ ਮਾਨ








**ਅੰਮ੍ਰਿਤਸਰ, 7 ਮਈ (ਆਵਾਜ਼ਿ ਕੌਮ ਬਿਊਰੋ)**-ਅੱਜ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਜਿਲਾ ਅੰਮ੍ਰਿਤਸਰ ਤੋਂ ਲੋਕ ਸਭਾ ਉਮੀਦਵਾਰ ਸ੍ਰ ਈਮਾਨ ਸਿੰਘ ਜੀ ਮਾਨ ਦੀ ਅਗਵਾਈ ਵਿੱਚ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਅਤੇ ਅੰਮ੍ਰਿਤਸਰ ਅਤੇ ਤਰਨਤਾਰਨ ਦੇ ਸਮੂਹ ਵਰਕਰ ਸਾਹਿਬਾਨ ਨੇ ਪਿਛਲੇ ਦਿਨੀਂ ਬਾਹਰਲੇ ਮੁਲਕਾਂ ਵਿੱਚ ਹੋਏ ਸਿੱਖਾਂ ਦੇ ਕਤਲੇਆਮ ਤੋਂ ਬਾਅਦ ਮਿਸਟਰ ਜੋ ਬਾਇਡਨ ਅਤੇ ਮਿਸਟਰ ਜਸਟਿਨ ਟਰੂਡੋ ਵੱਲੋਂ ਬੇਬਾਕੀ ਤੇ ਨਿਡਰਤਾ ਨਾਲ ਜੋ ਭਾਰਤੀ ਸਰਕਾਰੀ ਅੱਤਵਾਦ ਦਾ ਕੂਟਨੀਤਕ ਚਿਹਰਾ ਪੂਰੀ ਦੁਨੀਆ ਵਿੱਚ ਨਸ਼ਰ ਕੀਤਾ ਗਿਆ ਉਸਦਾ ਸਿੱਖਾਂ ਦੇ ਸਭ ਤੋਂ ਸਰਵ-ਉੱਚ ਅਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਅਰਦਾਸ ਕਰਕੇ ਸ਼ੁਕਰੀਆ ਅਦਾ ਕੀਤਾ। ਇਸ ਸਮੇਂ ਸ੍ਰ ਈਮਾਨ ਸਿੰਘ ਜੀ ਮਾਨ ਦੇ ਨਾਲ ਜਰਨਲ ਸਕੱਤਰ ਸ੍ਰ ਹਰਪਾਲ ਸਿੰਘ ਜੀ ਬਲੇਰ ਤੇ ਸ੍ਰ ਉਪਕਾਰ ਸਿੰਘ ਸੰਧੂ, ਸ੍ਰ ਜਸਬੀਰ ਸਿੰਘ ਬਚੜੇ ਜਥੇਬੰਦਕ ਸਕੱਤਰ ਮਾਝਾ ਜੋਨ, ਸ੍ਰ ਅਮਰੀਕ ਸਿੰਘ ਜੀ ਨੰਗਲ ਜਥੇਬੰਦਕ ਸਕੱਤਰ ਮਾਝਾ ਜੋਨ, ਸ੍ਰ ਦਵਿੰਦਰ ਸਿੰਘ ਜੀ ਫਤਾਹਪੁਰ ਪ੍ਰਧਾਨ ਅੰਮ੍ਰਿਤਸਰ ਸ਼ਹਿਰੀ, ਸ੍ਰ ਸ਼ਮਸ਼ੇਰ ਸਿੰਘ ਜੀ ਬਰਾੜ ਪ੍ਰਧਾਨ ਅੰਮ੍ਰਿਤਸਰ ਦਿਹਾਤੀ, ਬੀਬੀ ਰਸ਼ਪਿੰਦਰ ਕੌਰ ਜੀ ਗਿੱਲ ਸ਼ਹਿਰੀ ਪ੍ਰਧਾਨ, ਸ੍ਰ ਪਰਮਜੀਤ ਸਿੰਘ ਜੀ ਸੁੱਖ ਇੰਚਾਰਜ ਹਲਕਾ ਉੱਤਰੀ, ਭਾਈ ਰਣਜੀਤ ਸਿੰਘ ਜੀ ਦਮਦਮੀ ਟਕਸਾਲ ਪ੍ਰਧਾਨ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ, ਸ੍ਰ ਰਵੀਸ਼ੇਰ ਸਿੰਘ ਯੂਥ ਆਗੂ, ਸ੍ਰ ਸਿਮਰਨਜੀਤ ਸਿੰਘ ਯੂਥ ਆਗੂ, ਸ੍ਰ ਬਲਵਿੰਦਰ ਸਿੰਘ ਜੀ ਕਾਲਾ, ਸ੍ਰ ਜਗਜੀਤ ਸਿੰਘ ਜੀ, ਸ੍ਰ ਜਸਬੀਰ ਸਿੰਘ ਜੀ ਵਡਾਲੀ, ਸ੍ਰ ਗੁਰਦੀਪ ਸਿੰਘ ਜੀ ਮੱਲੀ, ਸ੍ਰ ਹਰਸਿਮਰਨਜੀਤ ਸਿੰਘ ਵਾਰਡ ਨੰਬਰ 43, ਸ੍ਰ ਕੁਲਵੰਤ ਸਿੰਘ ਮਜੀਠਾ ਹਲਕਾ ਇੰਚਾਰਜ ਮਜੀਠਾ, ਸ੍ਰ ਭੁਪਿੰਦਰ ਸਿੰਘ ਜੀ ਗਦਲੀ, ਸ੍ਰ ਸੁਖਵਿੰਦਰ ਸਿੰਘ ਜੀ ਮਹਿਤਾ, ਸ੍ਰ ਮਹਿੰਦਰਪਾਲ ਸਿੰਘ ਜੀ ਮਹਿਤਾ, ਸ੍ਰ ਸੁਰਜੀਤ ਸਿੰਘ ਜੀ, ਸ੍ਰ ਕੁਲਵੰਤ ਸਿੰਘ ਜੀ ਮਝੈਲ, ਸ੍ਰ ਰਾਜਾ ਸਿੰਘ ਜੀ, ਭਾਈ ਹਰਮਨਦੀਪ ਸਿੰਘ ਜੀ, ਸ੍ਰ ਦਲਜੀਤ ਸਿੰਘ ਜੀ ਹੀਰਾ, ਸ੍ਰ ਹਰਪਾਲ ਸਿੰਘ ਜੀ ਖਾਲਿਸਤਾਨੀ, ਸ੍ਰ ਜਸਕਰਨ ਸਿੰਘ ਨੰਗਲ ਅਤੇ ਸ਼ਮਸ਼ੇਰ ਸਿੰਘ ਪੱਧਰੀ ਵੀ ਹਾਜਰ ਸਨ। ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਅਰਦਾਸ ਕਰਨ ਉਪਰੰਤ ਸ੍ਰੀ ਦਰਬਾਰ ਸਾਹਿਬ ਦੇ ਬਾਹਰ ਗਲਿਆਰਾ ਕੰਪਲੈਕਸ ਵਿਖੇ ਸ੍ਰ ਈਮਾਨ ਸਿੰਘ ਜੀ ਮਾਨ ਨੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਹੋਇਆ ਕਿਹਾ ਕਿ ਅੱਜ ਅਸੀਂ ਇੱਥੇ ਭਾਰਤੀ ਰਾਜ ਦੁਆਰਾ ਸਿੱਖਾਂ ਦੀ ਸਰਕਾਰੀ ਸਪਾਂਸਰਡ ਨਸਲਕੁਸ਼ੀ ਨੂੰ ਮਾਨਤਾ ਦੇਣ ਲਈ ਇਕੱਠੇ ਹੋਏ ਹਾਂ ਜੋ ਅੱਜ ਤੱਕ ਜਾਰੀ ਹੈ। 01 ਜੂਨ, 18ਵੀਂ ਲੋਕ ਸਭਾ ਲਈ ਹੋਣ ਵਾਲੀਆਂ ਸੰਸਦੀ ਚੋਣਾਂ ਦੀ ਤਰੀਕ ਨੂੰ 40 ਸਾਲ ਪੂਰੇ ਹੋ ਗਏ ਹਨ, ਜਦੋਂ ਤੋਂ ਸੀ.ਆਰ.ਪੀ.ਐਫ. ਨੇ ਸ੍ਰੀ ਹਰਿਮੰਦਰ ਸਾਹਿਬ 'ਤੇ ਅੰਨ੍ਹੇਵਾਹ ਗੋਲੀਬਾਰੀ ਸ਼ੁਰੂ ਕੀਤੀ ਸੀ, ਜਿਸ ਗੋਲੀਬਾਰੀ ਵਿੱਚ ਆਮ ਨਾਗਰਿਕ ਤੇ ਸਿੱਖ ਸ਼ਰਧਾਲੂ ਫਸ ਗਏ ਸਨ ਜੋਕਿ ਅੰਤਰਰਾਸ਼ਟਰੀ ਮਾਨਵਤਾਵਾਦੀ ਕਾਨੂੰਨ ਦੀ ਘੋਰ ਉਲੰਘਣਾ ਹੈ। ਸ੍ਰੀ ਹਰਿਮੰਦਰ ਸਾਹਿਬ 'ਤੇ ਹੋਏ ਖ਼ੂਨੀ ਹਮਲੇ ਨੇ ਬੇਕਸੂਰ ਨਾਗਰਿਕਾਂ ਤੇ ਸਿੱਖ ਸ਼ਰਧਾਲੂਆਂ ਨੂੰ ਮਾਰਨ ਵਾਲੇ ਅਤੇ ਸਿੱਖਾਂ ਦੀਆਂ ਇਤਿਹਾਸਕ ਇਮਾਰਤਾਂ ਨੂੰ ਤਬਾਹ ਕਰਨ ਵਾਲੇ ਸੈਨਿਕਾਂ ਨੂੰ ਭਾਰਤੀ ਰਾਜ ਨੇ ਸਨਮਾਨਿਤ ਕੀਤਾ। ਉਹਨਾਂ ਕਿਹਾ ਕਿ ਅੱਜ ਤੱਕ ਮਾਰੇ ਗਏ ਨਾਗਰਿਕਾਂ, ਸਿੱਖ ਸ਼ਰਧਾਲੂਆਂ, ਤੋਸ਼ਾਖਾਨੇ ਅਤੇ ਸਿੱਖ ਰੈਫਰੈਂਸ ਲਾਇਬ੍ਰੇਰੀ ਦੀ ਲੁੱਟ ਦਾ ਹਿਸਾਬ ਭਾਰਤ ਸਰਕਾਰ ਵੱਲੋਂ ਨਹੀਂ ਦਿੱਤਾ ਗਿਆ ਅਤੇ ਪੁਲਿਸ ਵੱਲੋਂ ਦੁਰਗਿਆਣਾ ਮੰਦਿਰ ਅਤੇ ਹੋਰ ਸ਼ਮਸ਼ਾਨਘਾਟਾਂ ਵਿੱਚ ਕੀਤੇ ਗਏ 25,000 ਅਣਪਛਾਤੇ ਸਸਕਾਰਾਂ ਦੇ ਸਬੰਧ ਵਿੱਚ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਜੀ ਨੇ ਜੋ ਖੁਲਾਸੇ ਕੀਤੇ ਨਾ ਹੀ ਉਹਨਾਂ ਦਾ ਇਨਸਾਫ ਦਿੱਤਾ ਗਿਆ, ਬਲਕਿ ਇਸਦੇ ਉਲਟ ਰਾਜ ਦੀਆਂ ਫ਼ੌਜਾਂ ਨੇ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਨੂੰ ਸ਼ਹੀਦ ਕਰਕੇ ਸਦਾ ਲਈ ਚੁੱਪ ਕਰਾ ਦਿੱਤਾ ਹੈ। ਸ੍ਰ ਈਮਾਨ ਸਿੰਘ ਮਾਨ ਨੇ ਕਿਹਾ ਸ੍ਰੀ ਦਰਬਾਰ ਸਾਹਿਬ ਵਿਖੇ ਸਿੱਖਾਂ ਦੇ ਹੋਏ ਅੰਨ੍ਹੇਵਾਹ ਕਤਲੇਆਮ ਦੀ ਜਾਂਚ ਹੀ ਨਹੀਂ ਕੀਤੀ ਗਈ ਸਗੋਂ ਨਵੀਂ ਦਿੱਲੀ, ਪਟੌਦੀ, ਬੋਖਾਰੋ, ਹੋਂਦ ਚਿੱਲੜ, ਚਿੱਠੀਸਿੰਘਪੁਰਾ ਅਤੇ ਭਾਰਤ ਦੇ ਹੋਰ ਰਾਜਾਂ ਵਿੱਚ ਹੋਈ ਨਸਲਕੁਸ਼ੀ ਦੀ ਵੀ ਜਾਂਚ ਨਹੀਂ ਕੀਤੀ ਗਈ। ਜਦੋਂਕਿ ਭਾਰਤੀ ਰਾਜ ਇੱਕੋ ਇਕ ਪਾਰਟੀ ਕਾਂਗਰਸ ਨੂੰ ਆਸਾਨੀ ਨਾਲ ਦੋਸ਼ੀ ਠਹਿਰਾਉਂਦਾ ਹੈ। ਇਹ ਬਹੁਤ ਚਿੰਤਾਜਨਕ ਹੈ ਕਿ ਮੌਜੂਦਾ ਭਾਜਪਾ ਪ੍ਰਸ਼ਾਸਨ ਦੁਆਰਾ ਵੀ ਸਿੱਖਾਂ ਦਾ ਇਹ ਕਤਲੇਆਮ ਅਜੇ ਵੀ ਜਾਰੀ ਹੈ। ਸ੍ਰ ਮਾਨ ਨੇ ਕਿਹਾ ਕਿ ਕੈਨੇਡੀਅਨ ਪ੍ਰੀਮੀਅਰ ਜਸਟਿਨ ਟਰੂਡੋ ਨੇ ਭਾਈ ਹਰਦੀਪ ਸਿੰਘ ਨਿੱਝਰ ਦੀ ਨਿਸ਼ਾਨਾ ਬਣਾ ਕੇ ਕੀਤੀ ਹੱਤਿਆ ਨੂੰ ਸਾਹਮਣੇ ਲਿਆਂਦਾ ਅਤੇ ਭਾਰਤੀ ਸਰਕਾਰੀ ਅੱਤਵਾਦ ਦੀ ਇੱਕ ਸੁਹਿਰਦ ਮੀਡੀਆ ਰਾਹੀਂ ਪੂਰੀ ਦੁਨੀਆਂ ਵਿੱਚ ਇਸਦੀ ਨਿੰਦਾ ਕੀਤੀ। ਸ੍ਰੀ ਜੋ ਬਾਈਡਨ ਨੇ ਭਾਈ ਗੁਰਪਤਵੰਤ ਸਿੰਘ ਪੰਨੂ ਦੀ ਹੱਤਿਆ ਦੀ ਕੋਸ਼ਿਸ਼ ਲਈ ਭਾਰਤੀ ਰਾਜ ਵਿਰੁੱਧ ਕੇਸ ਦਰਜ ਕੀਤਾ ਹੈ, ਜਿਸ ਵਿੱਚ ਸਪੱਸ਼ਟ ਤੌਰ 'ਤੇ ਰਾਅ ਦੇ ਮੁਖੀ ਸਮੰਤ ਗੋਇਲ ਦਾ ਨਾਮ ਲਿਆ ਗਿਆ, ਜਿਸ ਨੇ ਪੁਲਿਸ 'ਕੈਟਸ ਦੀ ਵਰਤੋਂ ਕਰਨ ਦਾ ਵਪਾਰ ਸਿੱਖ ਲਿਆ ਸੀ, ਜਿਵੇਂ ਕਿ ਪੰਜਾਬ ਦੇ ਸਾਬਕਾ ਪੁਲਿਸ ਅਫਸਰ ਡੀਜੀਪੀ ਵਿਰਕ ਨੇ ਦੱਸਿਆ ਹੈ ਕਿ ਹੁਣ ਭਾਜਪਾ ਕਾਨੂੰਨ ਦੀ ਹੀ ਉਲੰਘਣਾਂ ਕਰਕੇ ਕਾਨੂੰ ਰਾਹੀਂ ਰਾਜ ਕਰਨ ਦੀ ਕੋਸ਼ਿਸ਼ ਵਿੱਚ ਹੈ। ਉਹਨਾਂ ਕਿਹਾ ਕਿ ਜਿਕਰਯੋਗ ਹੈ ਕਿ ਭਾਜਪਾ ਨੇ ਸ਼ਰੇਆਮ ਆਪਣੀ ਪ੍ਰਚਾਰ ਮੁਹਿੰਮ ਦੌਰਾਨ ਸਰਹੱਦ ਪਾਰ ਤੋਂ ਵਾਧੂ ਕਤਲੇਆਮ ਨੂੰ ਸਨਮਾਨ ਦੇ ਬੈਜ ਵਜੋਂ ਉਜਾਗਰ ਕਰਨ ਦੀ ਚੋਣ ਕੀਤੀ ਹੈ ਪਰੰਤੂ ਉਦੋਂ ਹੀ ਚੁੱਪਧਾਰੀ ਗਈ ਜਦੋਂ ਅਸੀਂ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵਜੋਂ ਚੋਣ ਕਮਿਸ਼ਨ ਕੋਲ ਇਸ ਦੇ ਵਿਰੁੱਧ ਸ਼ਕਾਇਤ ਦਰਜ ਕਰਵਾਈ ਗਈ। ਸ੍ਰ ਈਮਾਨ ਸਿੰਘ ਮਾਨ ਅਤੇ ਉਹਨਾਂ ਦੇ ਸਾਥੀਆਂ ਨੇ ਕੈਨੇਡਾ ਅਤੇ ਅਮਰੀਕਾ ਦੇ ਰਾਸ਼ਟਰੀ ਝੰਡਿਆਂ ਨੂੰ ਸਨਮਾਨ ਨਾਲ ਲਹਿਰਾਉਂਦਿਆ ਹੋਇਆ ਕਿਹਾ ਕਿ ਅੱਜ ਅਸੀਂ ਅਕਾਲ ਤਖ਼ਤ ਸਾਹਿਬ ਵਿਖੇ ਅਮਰੀਕਾ ਅਤੇ ਕੈਨੇਡਾ ਦੇ ਧੰਨਵਾਦ ਦੀ ਅਰਦਾਸ ਕਰਨ ਅਤੇ ਆਪਣੇ ਭਾਈਚਾਰੇ ਲਈ ਇਨਸਾਫ਼ ਦੀ ਮੰਗ ਕਰਨ ਲਈ ਇਕੱਠੇ ਹੋਏ ਹਾਂ। ਇਸਦੇ ਨਾਲ ਹੀ ਪੱਤਰਕਾਰਾਂ ਵੱਲੋਂ ਕੀਤੇ ਗਏ ਸਵਾਲ ਦਾ ਜਵਾਬ ਦਿੰਦਿਆ ਸ੍ਰ ਈਮਾਨ ਸਿੰਘ ਮਾਨ ਨੇ ਕਿਹਾ ਕਿ ਸੁਧੀਰ ਸੂਰੀ ਨੂੰ ਸੋਧਾ ਲਾਉਣ ਵਾਲੇ ਭਾਈ ਸੰਦੀਪ ਸਿੰਘ ਜੀ ਸੰਨੀ ਨੇ ਜੋ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦਾ ਮਾਣ-ਸਨਮਾਨ ਕਰਦਿਆਂ ਸ੍ਰੀ ਅੰਮ੍ਰਿਤਸਰ ਤੋਂ ਚੋਣ ਨਾਂ ਲੜਨ ਦਾ ਫੈਸਲਾ ਲਿਆ ਹੈ ਅਸੀਂ ਉਸਦਾ ਸੁਆਗਤ ਕਰਦੇ ਹਾਂ ਅਤੇ ਪਾਰਟੀ ਤਰਫੋਂ ਅਤੇ ਨਿੱਜੀ ਤੌਰ ਤੇ ਵੀ ਮੈਂ ਉਹਨਾਂ ਦਾ ਬਹੁਤ-ਬਹੁਤ ਧੰਨਵਾਦ ਕਰਦਾ ਹਾਂ।

**ਈਮਾਨ ਸਿੰਘ ਮਾਨ ਨੇ ਜੋ ਬਾਇਡਨ ਤੇ ਜਸਟਿਨ ਟਰੂਡੋ ਦਾ ਭਾਰਤ ਦੇ ਸਰਕਾਰੀ ਅੱਤਵਾਦ ਨੂੰ ਸਾਰੀ ਦੁਨੀਆਂ ਸਾਹਮਣੇ ਨਸ਼ਰ ਕਰਨ ਤੇ ਧੰਨਵਾਦ ਕੀਤਾ**

# ਸੇਵਾਦਾਰਾਂ ਦੇ ਚੌਕੀਦਾਰਾਂ ਨੂੰ ਬਿਨ੍ਹਾਂ ਦੇਰੀ ਕਰਵਾਇਆ ਜਾਵੇ ਜੁਆਇਨ—ਮੁਲਾਜ਼ਮ ਆਗੂ

ਫ਼ਿਰੋਜ਼ਪੁਰ, 7 ਮਈ (ਮਨੋਹਰ ਲਾਲ) :— ਪੀ.ਐਸ.ਈ.ਬੀ ਇੰਪਲਾਈਜ਼ ਫੈਡਰੇਸ਼ਨ ਦੇ ਝੰਡੇ ਹੇਠ ਬਿਜਲੀ ਮੁਲਾਜ਼ਮਾਂ ਨੇ ਮੁਲਾਜ਼ਮ ਮੰਗਾਂ ਨੂੰ ਲੈ ਕੇ ਹੰਗਾਮੀ ਮੀਟਿੰਗ ਕੀਤੀ। ਇਸ ਮੌਕੇ ਮੁਲਾਜ਼ਮਾਂ ਨੇ ਸਪੱਸ਼ਟ ਕੀਤਾ ਕਿ 25 ਅਪ੍ਰੈਲ ਨੂੰ ਓ ਅਤੇ ਐਮ ਮੰਡਲ ਫ਼ਿਰੋਜ਼ਪੁਰ, ਸੀਨੀਅਰ ਕਾਰਜਕਾਰੀ ਇੰਜੀਨੀਅਰ ਨੂੰ ਮੁਲਾਜ਼ਮਾਂ ਦੀ ਨਵੀਂ ਜੁਆਈਨਿੰਗ ਸੇਵਾਦਾਰ ਅਤੇ ਚੌਕੀਦਾਰਾਂ ਨੂੰ ਜੁਆਇਨ ਕਰਵਾਉਣ ਲਈ ਪੱਤਰ ਲਿਖੇ ਗਏ ਸਨ, ਪਰ ਅਜੇ ਤੱਕ ਕਿਸੇ ਵੀ ਦਫਤਰ ਵਿਚ ਕਿਸੇ ਵੀ ਮੁਲਾਜ਼ਮ ਨੂੰ ਜੁਆਇਨ ਨਹੀਂ ਕਰਵਾਇਆ ਗਿਆ। ਮੁਲਾਜ਼ਮ ਆਗੂਆਂ ਨੇ ਸਪੱਸ਼ਟ ਕੀਤਾ ਕਿ ਇਸ ਨੂੰ ਲੈ ਕੇ ਮੁਲਾਜ਼ਮਾਂ ਵਿਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਮੁਲਾਜ਼ਮਾਂ ਨੂੰ ਲੰਮਾ ਸਮਾਂ ਪਹਿਲਾਂ ਮੁਲਾਜ਼ਮਾਂ ਨੂੰ ਆਰਡਰ ਲੈਟਰਾਂ ਦੇ ਕੇ ਇਨ੍ਹਾਂ ਦਾ ਮੈਡੀਕਲ ਕਰਵਾਇਆ ਗਿਆ ਸੀ, ਪਰ ਅੱਜ ਤੱਕ ਰੈਗੂਲਰ ਨੌਕਰੀ ਨਹੀਂ ਦਿੱਤੀ ਗਈ। ਮੁਲਾਜ਼ਮ ਆਗੂ ਅਸ਼ਵਨੀ ਕੁਮਾਰ, ਸੁਖਚੈਨ ਸਿੰਘ, ਰਜੇਸ਼ ਦੱਤਾ, ਬਲਵੀਰ ਸਿੰਘ ਨੇ ਸੀਨੀਅਰ ਕਾਰਜਕਾਰੀ ਇੰਜੀਨੀਅਰ ਓ ਅਤੇ ਐਮ ਮੰਡਲ ਫ਼ਿਰੋਜ਼ਪੁਰ ਨੂੰ ਮਿਤੀ 06.05.2024 ਨੂੰ ਦਫਤਰ ਮਿਲ ਕੇ ਦੁਬਾਰਾ ਮੰਗ ਕੀਤੀ ਹੈ ਕਿ ਪਾਰਟ ਟਾਈਮ ਤੋਂ ਮਿਲੀ ਨੌਕਰੀ ਸੇਵਾਦਾਰ ਅਤੇ ਚੌਕੀਦਾਰਾਂ ਨੂੰ ਤੁਰੰਤ ਜੁਆਇਨ ਕਰਵਾਇਆ ਜਾਵੇ, ਜਿਸ ਤੇ ਸੀਨੀਅਰ ਕਾਰਜਕਾਰੀ ਇੰਜੀਨੀਅਰ ਨੇ ਭਰੋਸਾ ਦਿੱਤਾ ਕਿ ਇਨ੍ਹਾਂ ਕਰਮਚਾਰੀਆਂ ਨੂੰ ਜਲਦੀ ਜੁਆਇਨ ਕਰਵਾਇਆ ਜਾਵੇਗਾ ਅਤੇ ਉਨ੍ਹਾਂ ਵਿਸ਼ਵਾਸ਼ ਦਿਵਾਇਆ ਸੀ ਕਿ ਜੁਆਇਨ ਕਰਵਾਉਣ ਲਈ ਹੈਡ ਆਫਿਸ ਪਟਿਆਲਾ ਵਿਖੇ ਪੱਤਰ ਲਿਖ ਦਿੱਤਾ ਹੈ। ਮੁਲਾਜ਼ਮ ਆਗੂਆਂ ਨੇ ਸਪੱਸ਼ਟ ਕੀਤਾ ਕਿ ਜੇਕਰ ਜਲਦ ਮੁਲਾਜ਼ਮਾਂ ਨੂੰ ਜੁਆਇਨ ਨਾ ਕਰਵਾਇਆ ਤਾਂ ਮੁਲਾਜ਼ਮ ਸੰਘਰਸ਼ ਕਰਨ ਲਈ ਮਜ਼ਬੂਰ ਹੋਣਗੇ, ਜਿਸ ਦੀ ਸਾਰੀ ਜਿੰਮੇਵਾਰੀ ਸੀਨੀਅਰ ਕਾਰਜਕਾਰੀ ਇੰਜੀਨੀਅਰ, ਓ ਅਤੇ ਐਮ ਮੰਡਲ ਅਤੇ ਪਾਵਰਕੌਮ ਮੈਨੇਜਮੈਂਟ ਦੀ ਹੋਵੇਗੀ।



# ਭਾਕਿਯੂ ਡਕੌਂਦਾ ਵੱਲੋਂ ਕੀਤੀ ਪਿੰਡ ਇਕਾਈ ਦੀ ਕੀਤੀ ਚੋਣ



ਤਲਵੰਡੀ ਸਾਬੋ, 07 ਮਈ (ਗੁਰਜੰਟ ਸਿੰਘ ਨਥੇਹਾ)- ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਵੱਲੋਂ ਪਿੰਡ ਭਾਗੀਵਾਂਦਰ ਦੇ ਬਾਬਾ ਨਿੱਕੂ ਰਾਮ ਡੇਰਾ ਦੇ ਹਾਲ ਵਿਚ ਬਲਕਰਨ ਸਿੰਘ ਭਾਗੀਵਾਂਦਰ ਸੀਨੀਅਰ ਮੀਤ ਪ੍ਰਧਾਨ ਜ਼ਿਲ੍ਹਾ ਬਠਿੰਡਾ ਦੀ ਅਗਵਾਈ ਹੇਠ ਹੋਈ ਜਿਸ ਵਿਚ ਬਲਦੇਵ ਸਿੰਘ ਭਾਈਰੂਪਾ ਜ਼ਿਲ੍ਹਾ ਪ੍ਰਧਾਨ, ਰਾਜਮਹਿੰਦਰ ਸਿੰਘ ਕੋਟਭਾਰਾ ਜਿਲ੍ਹਾ ਜਰਨਲ ਸਕੱਤਰ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ। ਅੱਜ ਦੀ ਮੀਟਿੰਗ ਵਿੱਚ ਪਿੰਡ ਭਾਗੀਵਾਂਦਰ ਦੀ ਭਾਗੀ ਪੱਤੀ ਦੀ ਪਿੰਡ ਇਕਾਈ ਦੀ ਚੋਣ ਕੀਤੀ ਗਈ ਜਿਸ ਵਿਚ ਜਸਕਰਨ ਸਿੰਘ ਪ੍ਰਧਾਨ, ਮਿਲਵਰਤਨ ਸਿੰਘ ਸੀਨੀਅਰ ਮੀਤ ਪ੍ਰਧਾਨ, ਜਗਰੂਪ ਸਿੰਘ ਮੀਤ ਪ੍ਰਧਾਨ, ਸੁਖਮੰਦਰ ਸਿੰਘ ਜਰਨਲ ਸਕੱਤਰ, ਡਾਕਟਰ ਜਗਦੇਵ ਨੂੰ ਖਜਾਨਚੀ ਅਤੇ ਬੂਪਿੰਦਰ ਸਿੰਘ ਸਲਾਹਕਾਰ ਨਿਯੁਕਤ ਕੀਤਾ ਗਿਆ ਚੁਣੀ ਗਈ ਪਿੰਡ ਇਕਾਈ ਦੇ ਅਹੁਦੇਦਾਰਾਂ ਨੇ ਹਮੇਸ਼ਾ ਕਿਸਾਨੀ ਮਸਲਿਆਂ ਤੇ ਲੜਦੇ ਰਹਿਣ ਦਾ ਭਰੋਸਾ ਦਿੱਤਾ। ਇਸ ਮੌਕੇ ਭਾਕਿਯੂ ਡਕੌਂਦਾ ਦੇ ਆਗੂ ਸੋਨੂੰ ਅਜ਼ਾਦ ਲਹਿਰੀ ਪ੍ਰੈੱਸ ਸਕੱਤਰ ਜ਼ਿਲ੍ਹਾ ਬਠਿੰਡਾ, ਦਰਸ਼ਨ ਸਿੰਘ ਖਾਲਸਾ ਬਲਾਕ ਆਗੂ ਅਤੇ ਪਿੰਡ ਦੇ ਕਿਸਾਨ ਮੌਜੂਦ ਸਨ।

# ਸ: ਜੱਸਾ ਸਿੰਘ ਰਾਮਗੜ੍ਹੀਆ ਦਾ 301ਵਾਂ ਜਨਮ ਦਿਹਾੜਾ ਸ਼ਰਧਾ ਨਾਲ ਮਨਾਇਆ—ਮਨਜੀਤ ਸਿੰਘ ਔਲਖ



ਫ਼ਿਰੋਜ਼ਪੁਰ, 7 ਮਈ (ਮਨੋਹਰ ਲਾਲ) :— 17ਵੀਂ ਸਦੀ ਦੇ ਮਹਾਨ ਜਰਨੈਲ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਜੀ ਦਾ 301ਵਾਂ ਜਨਮ ਦਿਹਾੜਾ ਦੇਸ਼ਾਂ—ਵਿਦੇਸ਼ਾਂ ਦੀ ਧਰਤੀ ਤੇ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸੇ ਕੜੀ ਤਹਿਤ ਗੁਰਦੁਆਰਾ ਬਾਬਾ ਵਿਸ਼ਵਕਰਮਾ ਅੰਮ੍ਰਿਤਸਰੀ ਗੇਟ ਫਿਰੋਜ਼ਪੁਰ ਵਿਖੇ ਸ: ਜੱਸਾ ਸਿੰਘ ਰਾਮਗੜ੍ਹੀਆ ਵੈਲ ਸੁਸਾ ਰਜਿ ਪੰਜਾਬ ਭਾਰਤ ਵੱਲੋਂ ਮਨਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮਨਜੀਤ ਸਿੰਘ ਔਲਖ ਪੰਜਾਬ ਪ੍ਰਧਾਨ ਨੇ ਦੱਸਿਆ ਕਿ ਸਾਨੂੰ ਜੋਧਿਆਂ ਦੇ ਜਨਮ ਦਿਹਾੜੇ ਵੱਧ ਚੜ੍ਹ ਕੇ ਮਨਾਉਣੇ ਚਾਹੀਦੇ ਹਨ ਤਾਂ ਕਿ ਆਉਣ ਵਾਲੀ ਪੀੜ੍ਹੀ ਪੁਰਖਿਆ ਦੇ ਚੰਗੇ ਜੀਵਨ ਤੋਂ ਪ੍ਰੇਰਨਾ ਸਰੋਤ ਹੋ ਸਕਣ। ਇਸ ਮੌਕੇ ਭਗਵਾਨ ਸਿੰਘ ਦੜਿਆਲਾ ਕੌਮੀ ਚੈਅਰਮੈਨ ਪੰਜਾਬ, ਸਮਸ਼ੇਰ ਸਿੰਘ ਕਲਸੀ ਸੂਬਾ ਮੀਤ ਪ੍ਰਧਾਨ ਪੰਜਾਬ, ਸੁਖਮਿੰਦਰ ਸਿੰਘ ਜੱਬਲ ਮੀਤ ਪ੍ਰਧਾਨ ਪੰਜਾਬ, ਜਸਬੀਰ ਸਿੰਘ ਕਲਸੀ ਸੂਬਾ ਜਨਰਲ ਸਕੱਤਰ ਪੰਜਾਬ, ਪਰਮਜੀਤ ਸਿੰਘ ਕਲਸੀ ਸਰਪ੍ਰਸਤ ਪੰਜਾਬ, ਦਵਿੰਦਰ ਸਿੰਘ ਕਲਸੀ, ਸਰਬਜੀਤ ਸਿੰਘ ਲਾਡੀ ਮੀਤ ਪ੍ਰਧਾਨ ਪੰਜਾਬ, ਸੁਖਚੈਨ ਸਿੰਘ ਖਾਲਸਾ, ਕਰਮਜੀਤ ਸਿੰਘ ਸਰਾ ਮੀਤ ਪ੍ਰਧਾਨ ਪੰਜਾਬ, ਅੰਗਰੇਜ਼ ਸਿੰਘ ਫੌਜੀ ਵਾਇਸ ਚੇਅਰਮੈਨ ਪੰਜਾਬ, ਡਾਕਟਰ ਰਾਜਦੀਪ ਸਿੰਘ ਅਰਸ਼ੀ, ਹਰਜਿੰਦਰ ਸਿੰਘ ਬੱਗਾ ਮੀਤ ਪ੍ਰਧਾਨ ਪੰਜਾਬ, ਅਮਰ ਸਿੰਘ ਗਾਬੜੀਆ ਸੀਨੀਅਰ ਆਗੂ ਪੰਜਾਬ, ਅਵਤਾਰ ਸਿੰਘ ਠੇਠੀ, ਜਸਵਿੰਦਰ ਸਿੰਘ ਸੰਧੂ, ਪ੍ਰਦੀਪ ਸਿੰਘ ਭੁੱਲਰ ਮੀਤ ਪ੍ਰਧਾਨ ਪੰਜਾਬ, ਸੁਰਜੀਤ ਸਿੰਘ ਸੱਗੂ ਮੀਤ ਪ੍ਰਧਾਨ ਪੰਜਾਬ, ਪ੍ਰੀਤਮ ਸਿੰਘ ਭੁੱਲਰ ਮੀਤ ਪ੍ਰਧਾਨ ਪੰਜਾਬ, ਹਰਭਜਨ ਸਿੰਘ ਦੜਿਆਲਾ ਜ਼ਿਲਾ ਪ੍ਰਧਾਨ ਫਿਰੋਜ਼ਪੁਰ ਨੇ ਦੱਸਿਆ ਕਿ ਸ: ਜੱਸਾ ਸਿੰਘ ਰਾਮਗੜ੍ਹੀਆ ਜੀ ਦਾ ਜਨਮ ਦਿਹਾੜੇ ਮੌਕੇ ਵੱਖ—ਵੱਖ ਰਾਜਨੀਤਿਕ ਪਾਰਟੀਆਂ ਦੇ ਆਗੂਆਂ ਅਤੇ ਧਾਰਮਿਕ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਹਾਜ਼ਰੀ ਭਰੀ ਅਤੇ ਇਸ ਸ਼ੁੱਭ ਦਿਹਾੜੇ ਤੇ ਮੈਡੀਕਲ ਕੈਂਪ ਵੀ ਲਗਾਏ ਗਏ, ਜਿਸ ਵਿੱਚ ਪ੍ਰੀਤਮ ਸਿੰਘ ਭੁੱਲਰ ਦੀ ਅਗਵਾਈ ਹੇਠ ਅਨੀਲ ਬਾਗੀ ਹਸਪਤਾਲ ਵੱਲੋਂ ਫਰੀ ਮੈਡੀਕਲ ਕੈਂਪ ਲਗਾਇਆ ਗਿਆ ਅਤੇ ਖੋਖਰ ਡੈਂਟਲ ਹਸਪਤਾਲ ਵੱਲੋਂ ਵੀ ਫ੍ਰੀ ਦੰਦਾਂ ਦਾ ਕੈਂਪ ਲਗਾਇਆ ਗਿਆ ਅਤੇ ਡਾਕਟਰ ਜਸਮੀਤ ਸਿੰਘ ਗੋਲਡ ਮੈਡਲਿਸਟ ਵੱਲੋਂ ਆਯੂਰਵੈਦਿਕ ਚਿਕਿਤਸਾ ਸੰਬੰਧੀ ਫ੍ਰੀ ਕੈਂਪ ਲਗਾਇਆ ਗਿਆ। ਉਨ੍ਹਾਂ ਦੱਸਿਆ ਕਿ ਇਸ ਮੌਕੇ ਆਮ ਆਦਮੀ ਪਾਰਟੀ ਤੇ ਸ਼੍ਰੋਮਣੀ ਅਕਾਲੀ ਦਲ ਬਾਦਲ ਤੇ ਕਾਂਗਰਸ ਪਾਰਟੀ ਅਤੇ ਭਾਰਤੀ ਜਨਤਾ ਪਾਰਟੀ ਤੋਂ ਨੁਮਾਇੰਦਿਆਂ ਨੇ ਵੱਡੀ ਗਿਣਤੀ ਵਿਚ ਹਾਜ਼ਰੀ ਭਰੀ। ਇਸ ਮੌਕੇ ਡਾਕਟਰ ਦਲਜੀਤ ਸਿੰਘ, ਅਰਪਿੰਦਰ ਸਿੰਘ ਜੱਬਲ ਆਰੇ ਵਾਲੇ ਵਾਇਸ ਚੇਅਰਮੈਨ ਪੰਜਾਬ, ਸੁਖਵਿੰਦਰ ਸਿੰਘ ਸੰਨੀ ਇੰਡੀਅਨ ਫਾਉਡਰੀ ਵਾਲੇ ਵਾਇਸ ਚੇਅਰਮੈਨ ਪੰਜਾਬ, ਹਰਨੇਕ ਸਿੰਘ ਮਠਾੜੂ ਮਠਾੜੂ ਕੰਬਾਈਨ ਇੰਡਸਟਰੀ ਵਾਲੇ, ਇੰਦਰਜੀਤ ਸਿੰਘ ਬੱਬੂ ਪੋਤਰਾ ਗਿਆਨੀ ਜੈਲ ਸਿੰਘ ਸਾਬਕਾ ਰਾਸ਼ਟਰਪਤੀ ਭਾਰਤ, ਭੁਪਿੰਦਰ ਸਿੰਘ ਡੀਜਲ ਪੰਪ ਵਾਲੇ, ਗੁਰਵਿੰਦਰ ਸਿੰਘ ਨਕਸ਼ਿਆਂ ਵਾਲੇ, ਗੁਰਦੇਵ ਸਿੰਘ ਦੇਬੀ ਸਰਾਂ ਮੀਤ ਪ੍ਰਧਾਨ ਪੰਜਾਬ, ਕਸ਼ਮੀਰ ਸਿੰਘ ਭੁੱਲਰ ਕੌਂਸਲਰ, ਸਤਨਾਮ ਸਿੰਘ ਕੌਂਸਲਰ ਫਿਰੋਜ਼ਪੁਰ, ਪਰਮਜੀਤ ਸਿੰਘ ਮਠਾੜੂ, ਭੁਪਿੰਦਰ ਸਿੰਘ ਖਾਲਸਾ ਐਸ.ਐਚ.ਓ, ਕੁਲਦੀਪ ਸਿੰਘ ਦੜਿਆਲਾ ਆਰੇ ਵਾਲਾ, ਸੁਖਵਿੰਦਰ ਸਿੰਘ ਪ੍ਰਧਾਨ ਵਿਸ਼ਵਕਰਮਾ ਯੂਨੀਅਨ ਫਿਰੋਜ਼ਪੁਰ, ਸੁਖਦੇਵ ਸਿੰਘ ਚੇਅਰਮੈਨ, ਇੰਦਰਜੀਤ ਸਿੰਘ ਮੋਗਾ ਸਾਬਕਾ ਪ੍ਰਧਾਨ, ਬਲਦੇਵ ਸਿੰਘ ਵਾਇਸ ਪ੍ਰਧਾਨ, ਜੋਗਾ ਸਿੰਘ ਜਰਨਲ ਸਕੱਤਰ, ਨਿਰਮਲ ਸਿੰਘ ਸੈਕਟਰੀ, ਸੁਖਦੇਵ ਸਿੰਘ ਅੱਛੇ ਵਾਲਾ ਪ੍ਰਧਾਨ ਭਾਈ ਸਾਹਿਬ ਭਾਈ ਲਾਲੋ ਜੀ ਕਾਰੀਗਰ ਯੂਨੀਅਨ ਫਿਰੋਜ਼ਪੁਰ, ਜਗਦੀਪ ਸਿੰਘ, ਸੁਖਦੇਵ ਸਿੰਘ ਭੁੱਲਰ, ਕਰਨੈਲ ਸਿੰਘ, ਬਾਬਾ ਬਲਵਿੰਦਰ ਸਿੰਘ ਵਸਤੀ ਨਿਯਾਮ ਦੀਨ, ਲਖਵਿੰਦਰ ਸਿੰਘ ਲੱਖਾ, ਨਰਿੰਦਰ ਸਿੰਘ, ਸੁਖਵਿੰਦਰ ਸਿੰਘ ਚਾਨਾ ਵਾਇਸ ਚੇਅਰਮੈਨ ਪੰਜਾਬ, ਗੁਰਪ੍ਰੀਤ ਸਿੰਘ ਗੋਗਾ ਜ਼ੀਰਾ, ਕੁਲਦੀਪ ਸਿੰਘ ਮਾਨਕ, ਸੰਤੋਖ ਸਿੰਘ ਜ਼ੀਰਾ, ਸੰਜੀਵ ਕੁਮਾਰ, ਗੁਰ ਅਵਤਾਰ ਸਿੰਘ ਜ਼ੀਰਾ, ਹਰਪ੍ਰੀਤ ਸਿੰਘ, ਦਰਸ਼ਨ ਸਿੰਘ ਜ਼ੀਰਾ, ਸਮਿੰਦਰ ਸਿੰਘ ਚਾਨਾ, ਅਮਰੀਕ ਸਿੰਘ ਠੇਕੇਦਾਰ ਮੁਕਤਸਰ, ਕੁਲਵਿੰਦਰ ਸਿੰਘ ਦਿੱਲੀ ਵਾਲੇ, ਹਰਦੇਵ ਸਿੰਘ ਜਿੰਮੀ, ਜਸਵਿੰਦਰ ਸਿੰਘ ਰਿੰਕੂ ਚੇਅਰਮੈਨ ਜ਼ਿਲ੍ਹਾਂ ਫਿਰੋਜ਼ਪੁਰ, ਅਮਰ ਸਿੰਘ ਮੱਲਾਂਵਾਲਾ, ਲਖਵੀਰ ਸਿੰਘ ਡੋਡ ਜ਼ਿਲਾ ਪ੍ਰਧਾਨ ਫਰੀਦਕੋਟ ਅਤੇ ਸਮੂਹ ਸੰਗਤਾਂ ਵੱਡੀ ਗਿਣਤੀ ਵਿਚ ਹਾਜ਼ਰ ਹੋਈਆਂ।

### ਭਾਈ ਨਿੱਝਰ ਕੱਤਲ ਮਾਮਲੇ 'ਚ ਕੈਨੇਡਾ ਅੰਦਰ ਸ਼ਕੀ ਭਾਰਤੀ ਰਾਜਦੂਤਾਂ ਕੋਲੋਂ

# ਪੁੱਛਗਿੱਛ ਕਰਨ ਦੀ ਮੰਗ : ਗੁਰੂ ਨਾਨਕ ਸਿੱਖ ਗੁਰਦਵਾਰਾ ਸਰੀ ਪ੍ਰਬੰਧਕ ਕਮੇਟੀ




ਨਵੀਂ ਦਿੱਲੀ, 7 ਮਈ (ਮਨਪ੍ਰੀਤ ਸਿੰਘ ਖਾਲਸਾ):-ਕੈਨੇਡਾ ਦੇ ਗੁਰੂ ਨਾਨਕ ਸਿੱਖ ਗੁਰਦਵਾਰਾ ਸਰੀ ਦੀ ਪ੍ਰਬੰਧਕ ਕਮੇਟੀ ਵਲੋਂ ਕੈਨੇਡਾ ਦੀ ਸਰਕਾਰ ਅਤੇ ਆਰਸੀਐਮਪੀ ਕੋਲੋਂ ਭਾਈ ਨਿੱਝਰ ਕੱਤਲ ਮਾਮਲੇ 'ਚ ਕੈਨੇਡਾ ਅੰਦਰ ਸ਼ਕੀ ਭਾਰਤੀ ਰਾਜਦੂਤਾਂ ਕੋਲੋਂ ਸਖਤੀ ਨਾਲ ਪੁੱਛਗਿੱਛ ਕਰਣ ਮੰਗ ਕੀਤੀ ਗਈ ਹੈ । ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਵਲੋਂ ਕੈਨੇਡੀਅਨ ਪੁਲਿਸ ਵਲੋਂ ਤਿੰਨ ਨੌਜੁਆਨਾਂ ਨੂੰ ਗ੍ਰਿਫਤਾਰ ਕੀਤੇ ਜਾਣ ਉਪਰੰਤ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕੈਨੇਡਾ ਵਿਖੇ ਭਾਰਤੀ ਰਾਜਦੂਤ ਸੰਜੇ ਵਰਮਾ ਅਤੇ ਮਨੀਸ਼ ਗੁਪਤਾ ਨੂੰ ਕੈਨੇਡੀਅਨ ਪੁਲਿਸ ਵਲੋਂ ਤੁਰੰਤ ਗ੍ਰਿਫਤਾਰ ਕਰਕੇ ਕਰੜੀ ਪੁੱਛਗਿੱਛ ਕਰਨੀ ਚਾਹੀਦੀ ਹੈ ਜਿਸ ਨਾਲ ਇਨ੍ਹਾਂ ਵਲੋਂ ਭਾਈ ਨਿੱਝਰ ਨੂੰ ਕੱਤਲ ਕਰਣ ਦੀ ਸਾਜ਼ਿਸ਼ ਦਾ ਖੁਲਾਸਾ ਹੋ ਜਾਏਗਾ । ਉਨ੍ਹਾਂ ਕਿਹਾ ਕਿ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੀਂ ਇਸ ਮਾਮਲੇ ਅੰਦਰ ਭਾਰਤ ਦਾ ਹੱਥ ਹੋਣ ਦਾ ਕਹਿ ਰਹੇ ਹਨ ਤੇ ਕੈਨੇਡੀਅਨ ਪੁਲਿਸ ਵਲੋਂ ਮਾਮਲੇ ਅੰਦਰ ਭਾਰਤ ਦੇ ਹੱਥ ਹੋਣ ਦੀ ਗਹਿਰੀ ਜਾਂਚ ਕੀਤੀ ਜਾ ਰਹੀ ਹੈ ਜਿਸ ਨਾਲ ਸਾਨੂੰ ਵਿਸ਼ਵਾਸ ਹੈ ਕਿ ਮਾਮਲੇ ਅੰਦਰ ਭਾਰਤੀ ਰਾਜਦੁਤਾਂ ਦਾ ਹੱਥ ਜਰੂਰ ਨਿਕਲੇਗਾ । ਉਨ੍ਹਾਂ ਕਿਹਾ ਕਿ ਅਮਰੀਕਾ ਦੀ ਵਾਸ਼ੀਗਟਨ ਟਾਇਮਸ ਮੁਤਾਬਿਕ ਐਸਐਫਜੇ ਦੇ ਗੁਰਪਤਵੰਤ ਸਿੰਘ ਪੰਨੂ ਦੇ ਕੱਤਲ ਦੀ ਸਾਜ਼ਿਸ਼ ਅੰਦਰ ਇਕ ਭਾਰਤੀ ਅਫ਼ਸਰ ਦਾ ਨਾਮ ਜਾਰੀ ਕੀਤਾ ਗਿਆ ਹੈ । ਜਦਕਿ ਕੈਨੇਡਾ ਦੀ ਆਰਸੀਐਮਪੀ ਸੀਆਈਏ ਨਾਲ ਮਿਲਕੇ ਭਾਈ ਨਿੱਝਰ ਦੇ ਮਾਮਲੇ ਦੀ ਤਹਿਕੀਕਾਤ ਕਰ ਰਹੀ ਹੈ ਤੇ ਉਨ੍ਹਾਂ ਮੁਤਾਬਿਕ ਹਾਲੇ ਹੋਰ ਗ੍ਰਿਫਤਾਰੀਆਂ ਵੀਂ ਕੀਤੀਆਂ ਜਾ ਸਕਦੀਆਂ ਹਨ ।

ਗੁਰੂ ਨਾਨਕ ਸਿੱਖ ਗੁਰਦੁਆਰਾ ਦੀ ਪ੍ਰਬੰਧਕ ਕਮੇਟੀ ਨੇ ਪੰਜਾਬੀ ਸਿੱਖ ਐਮ ਪੀ ਸੁਖ ਧਾਲੀਵਾਲ ਅਤੇ ਹੋਰ ਕੈਨੇਡੀਅਨ ਨੇਤਾਵਾਂ ਦਾ ਉਚੇਚੇ ਤੌਰ ਤੇ ਧੰਨਵਾਦ ਕਰਦਿਆਂ ਕਿਹਾ ਕਿ ਭਾਈ ਨਿੱਝਰ ਮਾਮਲੇ ਅੰਦਰ ਇਨ੍ਹਾਂ ਵਲੋਂ ਕੀਤੀ ਗਈ ਮਿਹਨਤ ਸਦਕਾ ਇਹ ਗ੍ਰਿਫਤਾਰੀਆਂ ਸੰਭਵ ਹੋਈਆਂ ਹਨ ।

ਜਿਕਰਯੋਗ ਹੈ ਕਿ ਕੈਨੇਡਾ ਅੰਦਰ ਕੰਮ ਕਰ ਰਹੇ ਭਾਰਤੀ ਰਾਜਦੁਤਾਂ ਦਾ ਜਿੱਥੇ ਵੀਂ ਪ੍ਰੋਗਰਾਮ ਹੁੰਦਾ ਹੈ ਭਾਈ ਨਿੱਝਰ ਨਾਲ ਜੁੜੇ ਅਤੇ ਦਰਦਮੰਦ ਸਿੱਖ ਉੱਥੇ ਪਹੁੰਚ ਕੇ ਵੱਡਾ ਮੁਜਾਹਿਰਾ ਕਰਦਿਆਂ ਇਨ੍ਹਾਂ ਵਿਰੁੱਧ ਨਾਹਰੇਬਾਜੀ ਕਰਦਿਆਂ ਇਨ੍ਹਾਂ ਦੀਆਂ ਗ੍ਰਿਫਤਾਰੀਆਂ ਦੀ ਮੰਗ ਕਰਦੇ ਆ ਰਹੇ ਹਨ । ਇਸ ਮੌਕੇ ਭਾਈ ਅਮਨਦੀਪ ਸਿੰਘ ਜੋਹਲ, ਭਾਈ ਭੁਪਿੰਦਰ ਸਿੰਘ ਹੋਠੀ, ਭਾਈ ਗੁਰਮੀਤ ਸਿੰਘ ਗਿੱਲ, ਭਾਈ ਗੁਰਮੀਤ ਸਿੰਘ ਤੂਰ, ਭਾਈ ਨਰਿੰਦਰ ਸਿੰਘ ਖਾਲਸਾ, ਭਾਈ ਅਵਤਾਰ ਸਿੰਘ ਖਹਿਰਾ ਭਾਈ ਗੁਰਭੇਜ ਸਿੰਘ ਬਾਠ ਅਤੇ ਭਾਈ ਮਲਕੀਤ ਸਿੰਘ ਫੌਜੀ ਹਾਜਿਰ ਸਨ ।

### ਆਪ ਯੂਥ ਵਿੰਗ ਵੱਲੋਂ ਵਿਧਾਇਕ ਸੰਗੋਵਾਲ ਦੀ ਸਰਪ੍ਰਸਤੀ ਹੇਠ

# ਖੇਡਾਂ ਸਿੱਖਿਆ ਦੇ ਖੇਤਰ ਦੀਆਂ ਸ਼ਖਸੀਅਤਾਂ ਦਾ ਕੀਤਾ ਵਿਸ਼ੇਸ਼ ਸਨਮਾਨ







**ਲੁਧਿਆਣਾ/ਨਕੋਦਰ/ਮਹਿਤਪੁਰ, 7 ਮਈ (ਹਰਜਿੰਦਰ ਪਾਲ ਛਾਬੜਾ)** - ਆਮ ਆਦਮੀ ਪਾਰਟੀ ਯੂਥ ਵਿੰਗ ਵੱਲੋਂ ਹਲਕਾ ਗਿੱਲ ਦੇ ਵਿਧਾਇਕ ਜੀਵਨ ਸਿੰਘ ਸੰਗੋਵਾਲ ਦੀ ਅਗਵਾਈ ਹੇਠ ਖੇਡਾਂ ਸਿੱਖਿਆ ਅਤੇ ਸਮਾਜ ਸੇਵੀ ਖੇਤਰ ਵਿੱਚ ਆਪਣੀ ਵਧੀਆਂ ਸੇਵਾਵਾਂ ਦੇਣ ਬਦਲੇ ਉਹਨਾਂ ਨੂੰ ਸਨਮਾਨਿਤ ਕੀਤਾ ਗਿਆ । ਅੱਜ ਵਿਧਾਇਕ ਜੀਵਨ ਸਿੰਘ ਸੰਗੋਵਾਲ ਦੇ ਮੁੱਖ ਦਫਤਰ ਵਿਖੇ ਬਹੁਤ ਹੀ ਪ੍ਰਭਾਵਸ਼ਾਲੀ ਅਤੇ ਸਾਦੇ ਸਮਾਗਮ ਦੌਰਾਨ ਖੇਡਾਂ ਦੇ ਖੇਤਰ ਵਿੱਚ ਆਲ ਇੰਡੀਆ ਅੰਤਰ ਅੰਤਰ ਯੂਨੀਵਰਸਟੀ ਮੁਕਾਬਲਿਆਂ ਵਿੱਚ ਹਾਕੀ ਵਿੱਚ ਗੋਲਡ ਮੈਡਲ ਜਿੱਤਣ ਵਾਲੇ ਕੋਚ ਜਗਜੀਤ ਸਿੰਘ ਜੱਗੀ ਕਿਲਾ ਰਾਏਪੁਰ, ਸਿੱਖਿਆ ਦੇ ਖੇਤਰ ਵਿੱਚ ਇੱਕ ਆਮ ਸਧਾਰਨ ਪਰਿਵਾਰ ਵਿੱਚੋਂ ਉੱਠ ਕੇ ਪਿੰਡ ਜਰਖੜ ਦੇ ਹਰਜਿੰਦਰ ਸਿੰਘ ਦੀ ਬੇਟੀ ਸਤਵਿੰਦਰ ਕੌਰ ਜਿਸਨੇ ਐਮਐਸਸੀ ਦੀ ਡਿਗਰੀ ਹਾਸਿਲ ਕੀਤੀ ਨੂੰ ਵਿਸ਼ੇਸ਼ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਸਕੂਲਾਂ ਦੇ ਖੇਤਰ ਵਿੱਚ ਹਾਕੀ ਦੇ ਵਿੱਚ ਆਲ ਇੰਡੀਆ ਸਕੂਲੀ ਪੱਧਰ ਦੇ ਮੁਕਾਬਲਿਆਂ ਵਿੱਚ ਸੋਨ ਤਮਗਾ ਜਿੱਤਣ ਵਾਲਾ ਸੰਜੇ ਸਿੰਘ ਡੰਗੋਰਾ , ਸਕੂਲੀ ਪੱਧਰ ਦੇ ਮੁਕਾਬਲਿਆਂ ਵਿੱਚ ਕਬੱਡੀ ਦਾ ਉਭਰਦਾ ਖਿਡਾਰੀ ਕਰਨ ਜਸਪਾਲ ਬਾਂਗਰ ਇਸ ਤੋਂ ਇਲਾਵਾ ਸਮਾਜ ਸੇਵੀ ਕੰਮਾਂ ਵਿੱਚ ਆਪਣੀਆਂ ਵਧੀਆ ਸੇਵਾਵਾਂ ਦੇਣ ਵਾਲੇ ਬਾਬਾ ਜਗਦੇਵ ਸਿੰਘ ਜਰਖੜ ਨੂੰ ਵਿਸ਼ੇਸ਼ ਐਵਾਰਡਾਂ ਨਾਲ ਸਨਮਾਨਿਤ ਕੀਤਾ ਗਿਆ । ਇਸ ਮੌਕੇ ਵਿਧਾਇਕ ਜੀਵਨ ਸਿੰਘ ਸੰਗੋਵਾਲ ਨੇ ਆਖਿਆ ਕਿ ਹਲਕਾ ਗਿੱਲ ਦੇ ਜੋ ਬੱਚੇ ਵੀ ਖੇਡਾਂ ਅਤੇ ਸਿੱਖਿਆ ਦੇ ਖੇਤਰ ਵਿੱਚ ਅਵ ?ਲ ਰਹਿਣਗੇ ਉਹਨਾਂ ਨੂੰ ਹਰ ਸਾਲ ਇੱਕ ਵਿਸ਼ੇਸ਼ ਸਮਾਗਮ ਦੌਰਾਨ ਸਨਮਾਨਤ ਕੀਤਾ ਜਾਇਆ ਕਰੇਗਾ । ਇਸ ਮੌਕੇ ਯੂਥ ਵਿੰਗ ਦੇ ਪ੍ਰਧਾਨ ਸੁਖਵਿੰਦਰ ਸਿੰਘ ਸੋਨੀ ਗਿੱਲ ਨੇ ਆਏ ਖਿਡਾਰੀਆਂ ਨੂੰ ਜੀ ਆਇਆ ਆਖਿਆ ਤੇ ਉਹਨਾਂ ਦੀਆਂ ਪ੍ਰਾਪਤੀਆਂ ਬਾਰੇ ਦਾ ਜਿਕਰ ਕੀਤਾ। ਇਸ ਮੌਕੇ ਜਗਰੂਪ ਸਿੰਘ ਜਰਖੜ ਸਟੇਟ ਵਾਈਸ ਪ੍ਰਧਾਨ ਆਮ ਆਦਮੀ ਪਾਰਟੀ , ਜਸਵਿੰਦਰ ਸਿੰਘ ਜੱਸੀ ਪੀਏ , ਦਵਿੰਦਰਪਾਲ ਸਿੰਘ ਲਾਡੀ , ਰਵਿੰਦਰ ਸਿੰਘ ਰਵੀ ਝੰਮਟ , ਸੋਨੂ ਗਿੱਲ , ਸਾਬੀ ਜਰਖੜ , ਕੁਲਦੀਪ ਸਿੰਘ ਘਵੱਦੀ ਪ੍ਰਧਾਨ ਸਪੋਰਟਸ ਵਿੰਗ ਹਲਕਾ ਗਿੱਲ ਆਦਿ ਹੋਰ ਸ਼ਖਸੀਅਤਾਂ ਵਿਸ਼ੇਸ਼ ਤੌਰ ਤੇ ਹਾਜ਼ਰ ਸਨ ।

# ਜੈਨੇਸਿਸ ਡੈਂਟਲ ਕਾਲਜ ਨੇ ਲਾਇਆ ਡੈਂਟਲ ਚੈਕਅਪ ਕੈਂਪ



ਫ਼ਿਰੋਜ਼ਪੁਰ, 7 ਮਈ (ਮਨੋਹਰ ਲਾਲ) :— ਜੈਨੇਸਿਸ ਡੈਂਟਲ ਕਾਲਜ ਤੇ ਹਸਪਤਾਲ ਫ਼ਿਰੋਜ਼ਪੁਰ ਵੱਲੋਂ ਫ਼ਾਜ਼ਿਲਕਾ ਰੋਡ ਤੇ ਸਥਿਤ ਗੁਰਦੁਆਰਾ ਸਾਹਿਬ ਵਿਖੇ ਦੰਦਾਂ ਦਾ ਚੈਕਅਪ ਕੈਂਪ ਲਗਾਇਆ ਗਿਆ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਰਣਜੀਤ ਸਿੰਘ ਪੀ.ਆਰ.ਓ ਨੇ ਦੱਸਿਆ ਕਿ ਇਸ ਕੈਂਪ ਵਿਚ 100 ਤੋਂ ਵੱਧ ਮਰੀਜਾਂ ਦੇ ਦੰਦਾਂ ਦੀ ਜਾਂਚ ਕੀਤੀ ਗਈ। ਇਸ ਮੌਕੇ ਦੰਦਾਂ ਦੇ ਮਾਹਿਰ ਡਾਕਟਰ ਗਗਨ, ਡਾ: ਸਮ੍ਰਿਤੀ, ਡਾ: ਪਰਬਰਾ ਵੱਲੋਂ ਹਾਜ਼ਰ ਲੋਾਂ ਦੇ ਦੰਦਾਂ ਦੀ ਜਾਂਚ ਕੀਤੀ ਗਈ ਅਤੇ ਹਾਜ਼ਰੀਨ ਨਾਲ ਵਿਚਾਰਾਂ ਕਰਦਿਆਂ ਡਾਕਟਰਾਂ ਨੇ ਦੱਸਿਆ ਕਿ ਦੰਦਾਂ ਨੂੰ ਸਰੀਰ ਦੇ ਅੰਗਾਂ ਵਿਚੋਂ ਸਾਫ ਰੱਖਣਾ ਬਹੁਤ ਜ਼ਰੂਰੀ ਹੈ, ਕਿਉਂਕਿ ਦੰਦਾਂ ਰਾਹੀਂ ਜਾਣ ਵਾਲਾ ਖਾਣਾ ਪੇਟ ਦੀ ਤੰਦਰੁਸਤੀ ਦਾ ਸਬੱਬ ਬਣਦਾ ਹੈ, ਜਿਸ ਲਈ ਦੰਦਾਂ ਦਾ ਸਾਫ ਹੋਣਾ ਅਤਿ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਗੰਦੇ ਦੰਦਾਂ ਨਾਲ ਨਾ ਸਿਰਫ ਸਾਹ ਵਿਚ ਬਦਬੂ ਆਉਂਦੀ ਹੈ, ਸਗੋਂ ਕਈ ਤਰ੍ਹਾਂ ਦੀਆਂ ਬਿਮਾਰੀਆਂ ਹੋਣ ਦਾ ਵੀ ਖਦਸ਼ਾ ਰਹਿੰਦਾ ਹੈ, ਇਸ ਲਈ ਹਰ ਮਨੁੱਖ ਲਈ ਇਹ ਜ਼ਰੂਰੀ ਹੈ ਕਿ ਉਹ ਆਪਣੇ ਦੰਦਾਂ ਨੂੰ ਨਿਯਮਿਤ ਤੌਰ ਤੇ ਦੋਵੇਂ ਟਾਈਮ ਸਵੇਰੇ ਅਤੇ ਸਾਮ ਸਾਫ ਕਰੇ। ਉਨ੍ਹਾਂ ਕਿਹਾ ਕਿ ਛੋਟੇ ਬੱਚਿਆਂ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ, ਕਿਉਂਕਿ ਜਿਆਦਾ ਮਿਠਾਈਆਂ ਖਾਣ ਨਾਲ ਉਨ੍ਹਾਂ ਦੇ ਦੰਦ ਖਰਾਬ ਹੋ ਰਹੇ ਹਨ। ਹਰ ਮਨੁੱਖ ਨੂੰ ਮਹੀਨੇ ਵਿਚ ਇਕ ਵਾਰ ਦੰਦਾਂ ਦੀ ਜਾਂਚ ਕਰਵਾਉਣ ਲਈ ਸੁਹਿਰਦ ਹੋਣ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਦੰਦਾਂ ਦੀ ਮਜ਼ਬੂਤੀ ਅਤੇ ਸੁਰੱਖਿਆ ਦੇ ਮੱਦੇਨਜ਼ਰ ਦੰਦਾਂ ਦੀ ਦੇਖਭਾਲ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਦੰਦਾਂ ਦੇ ਸੜਨ ਦੇ ਸਭ ਤੋਂ ਵੱਡੇ ਕਾਰਨ ਸਿਗਰਟਨੋਸ਼ੀ, ਸਮੇਂ ਸਿਰ ਬੁਰਸ਼ ਨਾ ਕਰਨਾ, ਖਾਣਾ ਖਾਣ ਤੋਂ ਬਾਅਦ ਗਾਰਗਲ ਨਾ ਕਰਨਾ, ਬੁਰਸ਼ ਦੀ ਸਹੀ ਵਰਤੋਂ ਨਾ ਕਰਨਾ, ਅਜਿਹੇ ਕਈ ਕਾਰਨ ਹਨ। ਇਸ ਮੌਕੇ ਪੀ.ਆਰ.ਓ ਰਣਜੀਤ ਸਿੰਘ, ਮਨਜੀਤ ਧਾਲੀਵਾਲ ਨੇ ਕੈਂਪ ਵਿਚ ਮੁਫਤ ਦਵਾਈਆਂ ਵੀ ਵੰਡੀਆਂ। ਅੰਤ ਵਿਚ ਬੀ.ਐਸ.ਟੀ ਪਬਲਿਕ ਸਕੂਲ ਅਲਫੂ ਦੇ ਪ੍ਰਿੰਸੀਪਲ ਸੁਰਜੀਤ ਸਿੰਘ ਨੇ ਡਾਕਟਰਾਂ ਦੀ ਟੀਮ ਦਾ ਧੰਨਵਾਦ ਕੀਤਾ ਅਤੇ ਬੱਚਿਆਂ ਨੂੰ ਦੰਦਾਂ ਦੀ ਸਾਂਭ—ਸੰਭਾਲ ਲਈ ਅਹਿਦ ਕਰਵਾਇਆ।

# ਆਰਟ ਗੈਲਰੀ ਦਾ ਨੀਂਹ ਪੱਥਰ ਰੱਖਣਗੇ ਰਾਜ ਸਭਾ ਮੈਂਬਰ—ਭੁੱਲਰ





ਫ਼ਿਰੋਜ਼ਪੁਰ, 7 ਮਈ (ਮਨੋਹਰ ਲਾਲ) :— ਸ਼੍ਰੋਮਣੀ ਸੰਗੀਤਕਾਰ ਭਾਈ ਮਰਦਾਨਾ ਜੀ ਦੇ ਨਾਮ ਉਪਰ ਤੰਤੀ ਸਾਜਾਂ ਦੀ ਸੰਗੀਤ ਅਕੈਡਮੀ ਦਾ ਨੀਂਹ ਪੱਥਰ ਡਾ: ਐਸ.ਪੀ ਸਿੰਘ ਓਬਰਾਏ ਵੱਲੋਂ ਰੱਖਿਆ ਗਿਆ ਸੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੁਸਾਇਟੀ ਦੇ ਪ੍ਰਧਾਨ ਹਰਪਾਲ ਸਿੰਘ ਭੁੱਲਰ, ਜਨਰਲ ਸਕੱਤਰ ਸਰਬਜੀਤ ਸਿੰਘ ਛਾਬੜਾ, ਵਾਈਸ ਚੇਅਰਮੈਨ ਗੁਰਵਿੰਦਰ ਸਿੰਘ ਵਿਰਕ ਨੇ ਦੱਸਿਆ ਕਿ ਲੋਕ ਸਭਾ ਚੋਣਾਂ ਤੋਂ ਤੁਰੰਤ ਬਾਅਦ ਭਾਈ ਮਰਦਾਨਾ ਜੀ ਆਰਟ ਗੈਲਰੀ ਦੀ ਬਿਲਡਿੰਗ ਜ਼ੋ ਬਣ ਚੁੱਕੀ ਹੈ, ਇਸ ਵਿਚ ਪੇਟਿੰਗ ਲਾਉਣ ਸਬੰਧੀ ਤਿਆਰ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਹ ਇਕ ਵੇਖਣਯੋਗ ਆਰਟ ਗੈਲਰੀ ਹੋਵੇਗੀ, ਜਿਸ ਦਾ ਨੀਂਹ ਪੱਥਰ ਬਿਕਰਮਜੀਤ ਸਿੰਘ ਜੀ ਮੈਂਬਰ ਰਾਜ ਸਭਾ ਅਤੇ ਕ੍ਰਿਕਟ ਖਿਡਾਰੀ ਰਾਜ ਸਭਾ ਮੈਂਬਰ ਹਰਭਜਨ ਸਿੰਘ ਪਾਸੋਂ ਰਖਾਉਣ ਲਈ ਗੱਲਬਾਤ ਚੱਲ ਰਹੀ ਹੈ, ਇਸ ਆਰਟ ਗੈਲਰੀ ਉਪਰ ਤਕਰੀਬਨ 50 ਲੱਖ ਖਰਚ ਹੋਵੇਗਾ। ਇਥੇ ਭਾਈ ਬਾਲਾ ਜੀ ਦੀ ਯਾਦ ਵਿਚ ਇਕ ਲਾਇਬਰੇਰੀ ਬਣਾਈ ਜਾਵੇਗੀ, ਜਿਸ ਵਿਚ ਇਤਿਹਾਸਕ ਕਿਤਾਬਾਂ ਰੱਖੀਆਂ ਜਾਣਗੀਆਂ। ਸ੍ਰੀ ਭੁੱਲਰ ਨੇ ਦੱਸਿਆ ਕਿ ਏਨ੍ਹੀ ਸਾਡੀ ਉਮਰ ਨਹੀਂ ਜਿਨ੍ਹੇ ਅਸੀਂ ਪ੍ਰੋਜੈਕਟ ਰੱਖੀ ਬੈਠੇ ਹਾਂ, ਸ੍ਰੀ ਗੁਰੂ ਨਾਨਕ ਸਾਹਿਬ ਜੀ ਅੱਗੇ ਅਰਦਾਸ ਕਰਦੇ ਹਾਂ ਕਿ ਸਾਡੇ ਰੱਖੇ ਹੋਏ ਕਾਰਜਾਂ ਨੂੰ ਨੇਪਰੇ ਚੜਾਉਣ, ਭਾਈ ਮਰਦਾਨਾ ਜੀ ਦੀ ਇਹ ਪਹਿਲੀ ਯਾਦਗਾਰ ਹੈ, ਜਿਸ ਨੂੰ ਕਾਮਯਾਬ ਕਰਨ ਲਈ ਅਰਦਾਸ ਕਰਦੇ ਹਾਂ।

# ਪੀ.ਐਸ.ਈ.ਬੀ ਪੈਨਸ਼ਨਰ ਫੈਡਰੇਸ਼ਨ ਸ਼ਹਿਰੀ ਤੇ ਸਬ ਅਰਬਨ ਫ਼ਿਰੋਜ਼ਪੁਰ



ਫ਼ਿਰੋਜ਼ਪੁਰ, 7 ਮਈ (ਮਨੋਹਰ ਲਾਲ) :— ਪੀ.ਐਸ.ਈ.ਬੀ ਪੈਨਸ਼ਨਰ ਫੈਡਰੇਸ਼ਨ ਦੀ ਮੀਟਿੰਗ ਅਵਤਾਰ ਸਿੰਘ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ ਅਤੇ ਸਟੇਜ਼ ਦੀ ਕਾਰਵਾਈ ਗੁਰਦਿੱਤ ਸਿੰਘ ਸਕੱਤਰ ਵੱਲੋਂ ਚਲਾਈ ਗਈ। ਇਹ ਮੀਟਿੰਗ ਸ਼ਹਿਰੀ ਅਤੇ ਸਬ ਅਰਬਨ ਡਵੀਜਨ ਦੇ ਪੈਨਸ਼ਨਰ ਸਾਥੀਆਂ ਵੱਲੋਂ ਕੀਤੀ ਗਈ। ਇਸ ਮੀਟਿੰਗ ਵਿਚ ਵੱਡੀ ਗਿਣਤੀ ਪੈਨਸ਼ਨਰ ਸਾਥੀਆਂ ਨੇ ਹਿੱਸਾ ਲਿਆ। ਇਸ ਮੌਕੇ ਪ੍ਰਧਾਨ ਅਵਤਾਰ ਸਿੰਘ, ਸਕੱਤਰ ਗੁਰਦਿੱਤ ਸਿੰਘ, ਅਸ਼ਵਨੀ ਕੁਮਾਰ, ਪ੍ਰਵੇਸ਼ ਕੁਮਾਰ, ਲਖਵਿੰਦਰ ਸਿੰਘ ਥੰਮਨ, ਗੁਰਮੇਲ ਸਿੰਘ ਬਰਾੜ ਅਤੇ ਹੋਰ ਵੀ ਹੋਰ ਵੀ ਵੱਡੀ ਗਿਣਤੀ ਵਿਚ ਸਾਥੀਆਂ ਨੇ ਹਿੱਸਾ ਲਿਆ ਅਤੇ ਵੱਖ—ਵੱਖ ਆਗੂ ਸਾਥੀਆਂ ਨੇ ਕਿਹਾ ਕਿ ਪੰਜਾਬ ਸਰਕਾਰ ਮੁਲਾਜ਼ਮਾਂ ਦੀਆਂ ਡੀ.ਏ ਦੀਆਂ ਕਿਸ਼ਤਾਂ ਦੱਬ ਕੇ ਬੈਠ ਗਈ ਹੈ ਅਤੇ ਮੁਲਾਜ਼ਮਾਂ ਤੇ ਪੈਨਸ਼ਨਰ ਸਾਥੀਆਂ ਨੂੰ ਕਿਸ਼ਤਾਂ ਦਾ ਬਕਾਇਆ ਲੈਣ ਲਈ ਸੰਘਰਸ਼ ਕਰਨਾ ਪੈ ਰਿਹਾ ਹੈ ਅਤੇ ਮੁਲਾਜ਼ਮਾਂ ਦੇ ਮੈਡੀਕਲ ਬਿੱਲਾਂ ਦੀ ਰਕਮ ਵਿਚ ਵੀ ਕਾਫੀ ਦੇਰੀ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਬਿਜਲੀ ਕਰਮਚਾਰੀਆਂ ਦੀਆਂ 50 ਮੰਗਾਂ ਦਾ ਮੰਗ ਪੱਤਰ ਪਾਵਰਕੌਮ ਦੀ ਮੈਨੇਜਮੈਂਟ ਨੂੰ ਅਤੇ ਪੰਜਾਬ ਸਰਕਾਰ ਨੂੰ ਦਿੱਤਾ ਹੋਇਆ ਹੈ ਅਤੇ ਮੰਗਾਂ ਦਾ ਜਲਦੀ ਤੋਂ ਜਲਦੀ ਹੱਲ ਕੀਤਾ ਜਾਵੇ, ਨਹੀਂ ਤਾਂ ਮੁਲਾਜ਼ਮਾਂ ਨੂੰ ਸੰਘਰਸ਼ ਹੋਰ ਤਿੱਖਾ ਕਰਨਾ ਪਵੇਗਾ।

ਅਮਰੀਕਾ 'ਚ ਸੜਕ ਹਾਦਸੇ ਦਾ ਸ਼ਿਕਾਰ ਹੋਏ ਜੁਗਰਾਜ ਸਿੰਘ ਦੀ ਮ੍ਰਿਤਕ ਦੇਹ ਵਾਪਸ ਲਿਆਉਣ ਲਈ ਮਾਪਿਆਂ ਤੇ ਇਲਾਕਾ ਵਾਸੀਆਂ ਨੇ ਸੰਧੂ ਸਮੁੰਦਰੀ ਦੀ ਕੀਤੀ ਪ੍ਰਸ਼ੰਸਾ

# ਪ੍ਰਮਾਤਮਾ ਦੀ ਕਿਰਪਾ ਆਪਣਾ ਫ਼ਰਜ਼ ਨਿਭਾ ਸਕਿਆ ਹਾਂ- ਤਰਨਜੀਤ ਸਿੰਘ ਸੰਧੂ ਸਮੁੰਦਰੀ




**ਇਬਰਾਹੀਮਪੁਰ/ਅਜਨਾਲਾ 7 ਮਈ (ਆਵਾਜ਼ਿ ਕੌਮ ਬਿਊਰੋ)**-ਲੋਕ ਸਭਾ ਹਲਕਾ ਅੰਮ੍ਰਿਤਸਰ ਤੋਂ ਭਾਜਪਾ ਦੇ ਉਮੀਦਵਾਰ ਤਰਨਜੀਤ ਸਿੰਘ ਸੰਧੂ ਸਮੁੰਦਰੀ ਨੇ ਕਿਹਾ ਕਿ ਅਸੀਂ ਅੰਮ੍ਰਿਤਸਰ ਵਿਚ ਹੁਨਰ, ਸਿੱਖਿਆ ਅਤੇ ਸਵੈ-ਰੁਜ਼ਗਾਰ ਦੀ ਅਜਿਹੀ ਪ੍ਰਣਾਲੀ ਸਥਾਪਿਤ ਕਰਾਂਗੇ ਤਾਂ ਜੋ ਨੌਜਵਾਨਾਂ ਨੂੰ ਵਿਦੇਸ਼ ਜਾਣ ਦੀ ਲੋੜ ਹੀ ਨਾ ਪਵੇ ਜਾਂ ਫਿਰ ਵਿਦੇਸ਼ ਜਾਣ ਵਾਲੇ ਨੌਜਵਾਨਾਂ ਨੂੰ ਉੱਥੇ ਰੁਜ਼ਗਾਰ ਪ੍ਰਾਪਤ ਕਰਨ 'ਚ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ।ਤਰਨਜੀਤ ਸਿੰਘ ਸੰਧੂ ਨੇ ਅਮਰੀਕਾ ਵਿੱਚ ਸੜਕ ਹਾਦਸੇ ਦਾ ਸ਼ਿਕਾਰ ਹੋਏ 27 ਸਾਲਾ ਨੌਜਵਾਨ ਜੁਗਰਾਜ ਸਿੰਘ ਦੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਉਨ੍ਹਾਂ ਦੇ ਗ੍ਰਹਿ ਪਿੰਡ ਇਬਰਾਹਿਮਪੁਰ ਵਿਖੇ ਪਹੁੰਚੇ ਹੋਏ ਸਨ। ਉਨਾਂ ਨਾਲ ਹਲਕਾ ਇੰਚਾਰਜ ਬੋਨੀ ਅਮਰਪਾਲ ਸਿੰਘ ਅਜਨਾਲਾ, ਸੂਬਾ ਬੁਲਾਰੇ ਪ੍ਰੋ. ਸਰਚਾਂਦ ਸਿੰਘ, ਭੁਪਿੰਦਰ ਸਿੰਘ ਰੰਧਾਵਾ ਵੀ ਮੌਜੂਦ ਸਨ। ਇਸ ਮੌਕੇ ਮ੍ਰਿਤਕ ਦੀ ਮਾਤਾ ਸ੍ਰੀਮਤੀ ਹਰਜੀਤ ਕੌਰ ਨੇ ਭਾਵਕ ਹੁੰਦਿਆਂ ਸੰਧੂ ਸਮੁੰਦਰੀ ਨੂੰ ਗਲੇ ਲੱਗੀ, ਜਿਸ 'ਤੇ ਸੰਧੂ ਨੇ ਉਨ੍ਹਾਂ ਨੂੰ ਹੌਸਲਾ ਦਿੱਤਾ। ਇਸ ਵਕਤ ਪਿਤਾ ਦਿਲਬਾਗ ਸਿੰਘ ਅਤੇ ਮਾਤਾ ਹਰਜੀਤ ਕੌਰ ਨੇ ਜੁਗਰਾਜ ਸਿੰਘ ਦੀ ਮ੍ਰਿਤਕ ਦੇਹ ਨੂੰ ਭਾਰਤ ਲਿਆਉਣ 'ਚ ਕੀਤੀ ਗਈ ਮਦਦ ਲਈ ਸੰਧੂ ਸਮੁੰਦਰੀ ਦਾ ਧੰਨਵਾਦ ਕੀਤਾ ਅਤੇ ਕਿਹਾ ਇੰਨੀ ਵੱਡੀ ਮਦਦ ਕੋਈ ਹੋਰ ਨਹੀਂ ਸੀ ਕਰ ਸਕਦਾ। ਉਨ੍ਹਾਂ ਕਿਹਾ ਕਿ ਨਿਰਸਵਾਰਥ ਕਿਸੇ ਦੀ ਮਦਦ ਉਹੀ ਕਰ ਸਕਦਾ ਹੈ ਜਿਸ ਦੇ ਖ਼ੂਨ 'ਚ ਗ਼ੈਰਤ ਹੋਵੇ। ਮ੍ਰਿਤਕ ਦੇ ਭਰਾ ਗੁਰਪ੍ਰੀਤ ਸਿੰਘ ਨੇ ਭਾਵਕ ਹੁੰਦਿਆਂ ਕਿਹਾ ਕਿ ਜਿਹੜੀ ਮਦਦ ਸੰਧੂ ਸਮੁੰਦਰੀ ਨੇ ਸਾਡੀ ਕੀਤੀ, ਉਹ ਮਾਲੀ ਮਦਦ ਨਾਲੋਂ ਕਈ ਗੁਣਾ ਵੱਧ ਹੈ। ਸੰਧੂ ਦੇ ਯੋਗਦਾਨ ਤੋਂ ਬਿਨਾ ਸਾਡੇ ਵੀਰ ਦੀ ਦੇਹ ਅਸੀਂ ਨਹੀਂ ਸੀ ਲਿਆ ਸਕਦੇ। ਉਨ੍ਹਾਂ ਸ. ਤੇਜਾ ਸਿੰਘ ਸਮੁੰਦਰੀ ਦਾ ਵਾਰਸ ਹੋਣ ਦਾ ਫ਼ਰਜ਼ ਬਾਖ਼ੂਬੀ ਨਿਭਾਇਆ ਹੈ। ਇਹ ਮਦਦ ਕੋਈ ਹੋਰ ਨਹੀਂ ਸੀ ਕਰ ਸਕਦਾ। ਉਨ੍ਹਾਂ ਕਿਹਾ ਕਿ ਅਸੀਂ ਭਰਾ ਨੂੰ ਕਾਰੋਬਾਰ 'ਚ ਸਥਾਪਿਤ ਕਰਨਾ ਚਾਹੁੰਦੇ ਸਾਂ, ਇਸੇ ਲਈ ਕਰਜ਼ਾ ਚੁੱਕ ਕੇ ਬੜੀ ਰੀਝ ਅਤੇ ਸ਼ੌਕ ਨਾਲ ਬਾਹਰ ਭੇਜਿਆ ਪਰ ਭਾਣਾ ਵਾਪਰ ਗਿਆ। ਇਥੇ ਹੀ ਮ੍ਰਿਤਕ ਦੇ ਚਾਚਾ ਸੁਖਬੀਰ ਸਿੰਘ ਨੇ ਕਿਹਾ ਕਿ ਸੰਧੂ ਸਮੁੰਦਰੀ ਨੇ ਪਾਰਟੀਬਾਜ਼ੀ ਤੇ ਧੜੇਬੰਦੀ ਤੋਂ ਉਪਰ ਉੱਠ ਕੇ ਇਨਸਾਨੀਅਤ ਦੇ ਤੌਰ 'ਤੇ ਸਾਡੀ ਮਦਦ ਕੀਤੀ ਹੈ। ਇਨ੍ਹਾਂ ਵਰਗਾ ਇਨਸਾਨ ਕੋਈ ਨਹੀਂ ਹੈ। ਇਕ ਚੰਗਾ ਇਨਸਾਨ ਅੱਗੇ ਆਉਣਾ ਚਾਹੀਦਾ ਹੈ। ਸੱਚਾ ਇਕ ਬੰਦਾ ਖਲੋਤਾ ਹੀ ਬਹੁਤ ਹੈ, ਝੂਠੇ ਸੌ ਵੀ ਕਿਸੇ ਕੰਮ ਨਹੀਂ , ਸੱਚਾ ਅਤੇ ਝੂਠੇ ਦਾ ਕੋਈ ਮੁਕਾਬਲਾ ਹੀ ਨਹੀਂ ਹੈ। ਉਨ੍ਹਾਂ ਕਿਹਾ ਕਿ ਸੰਧੂ ਸਮੁੰਦਰੀ ਨੇ ਨਿਰਸਵਾਰਥ ਵੱਡੀ ਸੇਵਾ ਕੀਤੀ ਹੈ, ਸਾਰਾ ਇਲਾਕਾ ਸੰਧੂ ਸਮੁੰਦਰੀ ਦੀ ਭੂਮਿਕਾ ਨੂੰ ਲੈ ਕੇ ਪ੍ਰਸ਼ੰਸਾ ਕਰਦਾ ਹੈ। ਸਾਰਾ ਇਲਾਕਾ ਤੁਹਾਡੇ ਨਾਲ ਹੈ। ਉਨ੍ਹਾਂ ਭਾਵਕ ਹੁੰਦਿਆਂ ਕਿਹਾ ਕਿ ਸੰਧੂ ਜਿੱਥੇ ਚੱਲੇਗਾ ਅਸੀਂ ਨੰਗੇ ਪੈਰੀਂ ਚੱਲਾਂਗੇ। ਤਰਨਜੀਤ ਸਿੰਘ ਸੰਧੂ ਨੇ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪ੍ਰਮਾਤਮਾ ਦੀ ਕਿਰਪਾ ਅਤੇ ਪ੍ਰਵਾਸੀ ਭਾਈਚਾਰੇ ਦੇ ਸਹਿਯੋਗ ਨਾਲ ਉਹ ਆਪਣਾ ਫ਼ਰਜ਼ ਨਿਭਾ ਸਕਿਆ ਹਾਂ। ਇਸ ਕਾਰਜ 'ਚ ਕੋਈ ਰਾਜਨੀਤਕ ਸਰੋਕਾਰ ਨਹੀਂ ਹੈ। ਮੌਕੇ 'ਤੇ ਜੋ ਕਰ ਸਕਿਆ ਕੀਤਾ ਹੈ। ਉਨ੍ਹਾਂ ਕਿਹਾ ਕਿ ਬਹੁਤ ਹੋ ਗਿਆ, ਸਾਡੇ ਰਾਜਨੀਤਿਕ ਆਗੂਆਂ ਨੂੰ ਹੁਣ ਲੋਕਾਂ ਬਾਰੇ ਸੋਚਣਾ ਹੋਵੇਗਾ। ਮਾਪਿਆਂ ਦੀ ਪ੍ਰੇਸ਼ਾਨੀ ਨੂੰ ਸਮਝਣਾ ਹੋਵੇਗਾ। ਉਨ੍ਹਾਂ ਕਿਹਾ ਕਿ ਯੂਥ ਬਾਹਰ ਜਾਂਦਾ ਹੈ ਤਾਂ ਮਾਪੇ ਬਹੁਤ ਪ੍ਰੇਸ਼ਾਨ ਹੁੰਦੇ ਹਨ। ਸਾਨੂੰ ਇਥੇ ਹੀ ਵਿਦੇਸ਼ੀ ਐਜੂਕੇਸ਼ਨ ਸਿਸਟਮ ਨੂੰ ਲਾਗੂ ਕਰਨਾ ਹੋਵੇ। ਮੈਂ ਵਾਅਦਾ ਕਰਦਾ ਹਾਂ, ਤੁਹਾਡਾ ਸਾਥ ਚਾਹੀਦਾ ਹੈ, ਅਸੀਂ ਇਥੇ ਚੰਗੀ ਸਿੱਖਿਆ ਅਤੇ ਰੁਜ਼ਗਾਰ ਦਾ ਪ੍ਰਬੰਧ ਕਰੀਏ, ਜਿਸ ਨਾਲ ਨੌਜਵਾਨ ਬਾਹਰ ਜਾਣ ਬਾਰੇ ਸੋਚਣ ਨਾ। ਉਨ੍ਹਾਂ ਕਿਹਾ ਕਿ ਅਮਰੀਕਾ ਦਾ ਪ੍ਰਵਾਸੀ ਭਾਈਚਾਰਾ ਇਸ ਕਾਰਜ 'ਚ ਸਾਡੀ ਮਦਦ ਕਰਨ ਲਈ ਤਿਆਰ ਹਨ। ਉਨ੍ਹਾਂ ਨੇ ਹਾਲ ਹੀ ਵਿਚ 830 ਕਰੋੜ ਰੁਪਏ ਦਾ ਪ੍ਰਬੰਧ ਕੀਤਾ ਹੈ, ਜਿਸ ਨਾਲ ਅੰਮ੍ਰਿਤਸਰ ਦੇ ਨੌਜਵਾਨ ਤੇ ਕੁੜੀਆਂ ਨੂੰ ਸਵੈ ਰੁਜ਼ਗਾਰ ਸਟਾਰਟਅੱਪ ਸ਼ੁਰੂ ਕਰਨ ਵਿਚ ਮਦਦ ਮਿਲੇਗੀ। ਉਨ੍ਹਾਂ ਕਿਹਾ ਕਿ ਮ੍ਰਿਤਕ ਦੇ ਭਰਾ ਗੁਰਪ੍ਰੀਤ ਸਿੰਘ ਨੂੰ ਆਪਣੇ ਪੈਰਾਂ 'ਤੇ ਖੜ੍ਹਾ ਕਰਨ 'ਚ ਅਸੀਂ ਮਦਦ ਕਰਾਂਗੇ ਤਾਂ ਕਿ ਪਰਿਵਾਰ ਸਿਰ ਚੜ੍ਹਿਆ ਕਰਜ਼ਾ ਉਹ ਉਤਾਰ ਸਕੇ। ਇਸ ਮੌਕੇ ਮ੍ਰਿਤਕ ਦੇ ਮਾਮਾ ਸੂਬੇਦਾਰ ਜਸਵਿੰਦਰ ਸਿੰਘ, ਬਲਦੇਵ ਸਿੰਘ ਅਤੇ ਇਲਾਕੇ ਦੇ ਮੁਹਤਬਰ ਲੋਕ ਵੀ ਮੌਜੂਦ ਸਨ।

## ਨਿਰਸਵਾਰਥ ਕਿਸੇ ਦੀ ਮਦਦ ਉਹੀ ਕਰ ਸਕਦਾ ਹੈ ਜਿਸ ਦੇ ਖ਼ੂਨ 'ਚ ਗੈਰਤ ਹੋਵੇ - ਪਿਤਾ ਦਿਲਬਾਗ ਸਿੰਘ

ਭਗਵੰਤ ਮਾਨ ਦੇ ਰਾਜ 'ਚ ਨਸ਼ਿਆਂ ਤੇ ਭ੍ਰਿਸ਼ਟਾਚਾਰ 'ਚ ਵਾਧਾ ਹੋਇਆ : ਰਣਜੀਤ ਸਿੰਘ ਢਿੱਲੋਂ

# ਅਕਾਲੀ ਦਲ ਦੇ ਉਮੀਦਵਾਰ ਢਿੱਲੋਂ ਨੇ ਹਲਕੇ ਦੇ ਪਿੰਡਾਂ ਵਿਚ ਚੋਣ ਪ੍ਰਚਾਰ ਕੀਤਾ



**ਜਗਰਾਉਂ (ਵਰਿਆਮ ਹਠੂਰ)** ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਸ: ਰਣਜੀਤ ਸਿੰਘ ਢਿੱਲੋਂ ਨੇ ਹਲਕਾ ਇੰਚਾਰਜ ਸ਼੍ਰੀ ਐਸ. ਆਰ. ਕਲੇਰ ਦੀ ਅਗਵਾਈ ਹੇਠ ਵਿਧਾਨ ਸਭਾ ਹਲਕਾ ਜਗਰਾਉ ਦੇ ਬੇਟ ਏਰੀਆ ਦੇ ਪਿੰਡਾਂ ਵਿੱਚ ਚੋਣ ਪ੍ਰਚਾਰ ਕੀਤਾ ਪਿੰਡ ਲੀਲਾਂ ਮੇਘ ਸਿੰਘ ਵਿੱਚ ਚੋਣ ਜਲਸੇ ਨੂੰ ਸਬੋਧਨ ਕਰਦਿਆਂ ਸ: ਢਿੱਲੋ ਨੇ ਆਖਿਆ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿੱਚ ਪੰਜਾਬ ਅੰਦਰ ਨਸ਼ਾ ਤੇ ਭ੍ਰਿਸਟਾਚਾਰ ਵਧਿਆ ਹੈ। ਸ: ਢਿੱਲੋ ਨੇ ਕਿਹਾ ਕਿ ਨੌਜਵਾਨਾਂ ਨੂੰ ਰੁਜ਼ਗਾਰ, ਬੰਦੀ ਸਿੰਘਾਂ ਦੀ ਰਿਹਾਈ, ਰਿਸ਼ਵਤਖੋਰੀ ਤੇ ਨਸਿਆਂ ਦੇ ਮੁੱਦੇ ਜਿਉ ਦੀ ਤਿਉਂ ਹਨ।ਓਨਾਂ ਕਿਹਾ ਕਿ ਮੁੱਖ ਮੰਤਰੀ ਇੱਕ ਮਜ਼ਾਕੀਆ ਕਲਾਕਾਰ ਹਨ ਤੇ ਉਹ ਸਰਕਾਰ ਵੀ ਮਜ਼ਾਕੀਆ ਅੰਦਾਜ਼ ਵਿਚ ਚਲਾ ਰਹੇ ਹਨ। ਇਸ ਮੌਕੇ ਹਲਕਾ ਇੰਚਾਰਜ ਐਸ ਆਰ ਕਲੇਰ ਨੇ ਸ: ਰਣਜੀਤ ਸਿੰਘ ਢਿੱਲੋਂ ਨੂੰ ਭਰੋਸਾ ਦਿਵਾਇਆ ਕਿ ਹਲਕੇ ਦੇ ਲੋਕ ਆਪਣਾ ਇੱਕ-ਇੱਕ ਵੋਟ ਸ੍ਰੋਮਣੀ ਅਕਾਲੀ ਦਲ ਦੇ ਚੋਣ ਨਿਸ਼ਾਨ ਤੱਕੜੀ ਨੂੰ ਦੇ ਕੇ ਭਾਰੀ ਬਹੁਮਤ ਨਾਲ ਅਸੈਂਬਲੀ ਵਿਚ ਭੇਜਣਗੇ। ਗੱਲਬਾਤ ਕਰਦਿਆਂ ਟਰੱਕ ਯੂਨੀਅਨ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਮਲਕੀਤ ਸਿੰਘ ਧਾਲੀਵਾਲ ਹਠੂਰ ਨੇ ਕਿਹਾ ਕਿ ਸਰਕਲ ਗਿੱਦੜਵਿੰਡੀ ਦੇ ਪਿੰਡ ਲੀਲਾਂ ਵਿੱਚ ਲੋਕਾਂ ਦਾ ਇਕੱਠ ਉਮੜ ਆਇਆ। ਤੇ ਲੋਕਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ, ਜੋਸ਼, ਉਤਸ਼ਾਹ ਤੇ ਸਮਰਪਣ ਦੀ ਭਾਵਨਾ ਦੱਸਦੀ ਹੈ। ਕਿ ਸ:ਰਣਜੀਤ ਸਿੰਘ ਢਿੱਲੋਂ ਦੀ ਪੱਕੀ ਜਿੱਤ ਹੋਵੇਗੀ, ਵੱਖ ਵੱਖ ਥਾਵਾਂ ਤੇ ਆਗੂਆਂ ਅਤੇ ਵਰਕਰਾਂ ਵੱਲੋਂ ਉਮੀਦਵਾਰ ਸ: ਰਣਜੀਤ ਸਿੰਘ ਢਿੱਲੋਂ ਨੂੰ ਸਨਮਾਨਿਤ ਵੀ ਕੀਤਾ ਗਿਆ, ਇਸ ਮੌਕੇ ਐੱਸ ਆਰ ਕਲੇਰ ਸਾਬਕਾ ਵਿਧਾਇਕ ਜਗਰਾਉਂ, ਜਿਲਾ ਪ੍ਰਧਾਨ ਭਾਈ ਗੁਰਚਰਨ ਸਿੰਘ ਗਰੇਵਾਲ, ਸਾਬਕਾ ਚੇਅਰਮੈਨ ਸ.ਕਮਲਜੀਤ ਸਿੰਘ ਮੱਲਾ, ਸਾਬਕਾ ਚੇਅਰਮੈਨ ਸ.ਦੀਦਾਰ ਸਿੰਘ ਮਲਕ, ਸਾਬਕਾ ਚੇਅਰਮੈਨ ਸ.ਚੰਦ ਸਿੰਘ ਡੱਲਾ, ਸਰਕਲ ਪ੍ਰਧਾਨ ਸਿਵਰਾਜ ਸਿੰਘ ਸਰਪੰਚ, ਸਰਕਲ ਪ੍ਰਧਾਨ ਸੁਖਦੇਵ ਸਿੰਘ ਗਿੱਦੜਵਿੰਡੀ, ਸਰਕਲ ਪ੍ਰਧਾਨ ਸਰਪ੍ਰੀਤ ਸਿੰਘ ਕਾਉਂਕੇ, ਸਰਕਲ ਪ੍ਰਧਾਨ ਮਲਕੀਤ ਸਿੰਘ ਹਠੂਰ, ਸਰਕਲ ਪ੍ਰਧਾਨ ਪਰਮਿੰਦਰ ਸਿੰਘ ਚੀਮਾ, ਸਰਕਲ ਪ੍ਰਧਾਨ ਮਨਦੀਪ ਸਿੰਘ ਭੰਮੀਪੁਰਾ, ਸਰਕਲ ਪ੍ਰਧਾਨ ਤਜਿੰਦਰਪਾਲ ਸਿੰਘ ਕੰਨੀਆ, ਰੇਸ਼ਮ ਸਿੰਘ ਸਾਬਕਾ ਸਰਪੰਚ, ਵਿੱਕੀ ਸਰਪੰਚ, ਪ੍ਰਧਾਨ ਅਮਰਜੀਤ ਸਿੰਘ, ਯੂਥ ਪ੍ਰਧਾਨ ਜੱਟ ਗਰੇਵਾਲ, ਯੂਥ ਪ੍ਰਧਾਨ ਰਿੱਕੂ ਕਲੇਰ, ਯੂਥ ਪ੍ਰਧਾਨ ਦਲਜੀਤ ਪੋਨਾ, ਜੱਥੇਦਾਰ ਜਸਦੇਵ ਸਿੰਘ ਲੀਲਾ, ਬਲਰਾਜ ਸਿੰਘ ਗਰੇਵਾਲ, ਹਰਚਰਨ ਸਿੰਘ ਸਾਬਕਾ ਸਰਪੰਚ, ਬਹਾਦਰ ਸਿੰਘ ਸਾਬਕਾ ਪੰਚ, ਦਵਿੰਦਰ ਸਿੰਘ ਪੰਚ, ਜਸਵਿੰਦਰ ਸਿੰਘ ਪ੍ਰਧਾਨ, ਜਗਦੇਵ ਸਿੰਘ ਪੰਚ, ਰੁਪਿੰਦਰ ਸਿੰਘ ਪ੍ਰਧਾਨ, ਜਗਦੇਵ ਸਿੰਘ ਸੇਖੋਂ, ਅਮ੍ਰਿਤਪਾਲ ਸਿੰਘ, ਅਜਮੇਰ ਸਿੰਘ, ਜੋਤੀ ਚੌਧਰੀ ਯੂਥ ਆਗੂ, ਕਾਕਾ ਚਾਹਲ, ਗੁਰਪ੍ਰੀਤ ਸਿੰਘ ਕਾਕੂ, ਜਗਦਵਿੰਦਰ ਸਿੰਘ ਖਾਲਸਾ, ਬਲਵਿੰਦਰ ਸਿੰਘ ਗਿਆਨੀ, ਕੁਲਦੀਪ ਸਿੰਘ, ਜਸਪਿੰਦਰ ਸਿੰਘ, ਸੰਦੀਪ ਸਿੰਘ, ਸਰਪੰਚ ਬੁੱਧ ਸਿੰਘ, ਪੂਰਨ ਸਿੰਘ ਜੱਥੇਦਾਰ, ਬੰਤ ਸਿੰਘ, ਰੂਪ ਸਿੰਘ, ਕਰਤਾਰ ਸਿੰਘ, ਭੋਲਾ ਸਿੰਘ, ਬਿੱਕਰ ਸਿੰਘ, ਅਜੈਬ ਸਿੰਘ, ਸੁਖਦੇਵ ਸਿੰਘ, ਗੁਰਦੇਵ ਸਿੰਘ, ਧਰਮ ਸਿੰਘ, ਗੁਰਚਰਨ ਸਿੰਘ, ਰੇਸ਼ਮ ਸਿੰਘ, ਸਤਪਾਲ ਕੌਰ, ਸਾਬਕਾ ਸਰਪੰਚ ਪਰਮਜੀਤ ਕੌਰ, ਕੁਲਦੀਪ ਕੌਰ ਬਲਾਕ ਸਮਤੀ ਮੈਂਬਰ, ਹਰਮਨ ਸਿੰਘ, ਹਰਜਿੰਦਰ ਸਿੰਘ, ਜਸਤੇਜ ਸਿੰਘ ਨੰਬਰਦਾਰ, ਹਰਦੀਪ ਸਿੰਘ, ਜਗਤਾਰ ਸਿੰਘ, ਹਰਵਿੰਦਰ ਸਿੰਘ, ਦਰਸ਼ਨ ਸਿੰਘ, ਬਲਦੇਵ ਸਿੰਘ ਜੱਥੇਦਾਰ ਤੇ ਹੋਰ ਵੱਡੀ ਗਿਣਤੀ ਵਿੱਚ ਬੀਬੀਆ ਵੀ ਹਾਜ਼ਰ ਸਨ।



# ਹਲਕਾ ਫਿਰੋਜ਼ਪੁਰ ਦਿਹਾਤੀ ਵਿਖੇ ਹਰੇਕ ਵਿਅਕਤੀ ਨੂੰ ਵੋਟ ਪਾਉਣ ਦਾ ਦਿੱਤਾ ਸੰਦੇਸ਼



ਫ਼ਿਰੋਜ਼ਪੁਰ, 7 ਮਈ (ਮਨੋਹਰ ਲਾਲ) :— ਭਾਰਤ ਚੋਣ ਕਮਿਸ਼ਨ ਅਤੇ ਮੁੱਖ ਚੋਣ ਅਫਸਰ ਪੰਜਾਬ ਦੇ ਦਿਸ਼ਾ ਨਿਰਦੇਸ਼ ਅਨੁਸਾਰ ਜ਼ਿਲ੍ਹਾ ਚੋਣ ਅਫਸਰ—ਕਮ—ਡਿਪਟੀ ਕਮਿਸ਼ਨਰ ਫਿਰੋਜ਼ਪੁਰ ਰਾਜੇਸ਼ ਧੀਮਾਨ ਆਈ.ਏ.ਐਸ. ਦੀ ਅਗਵਾਈ ਵਿੱਚ ਅਗਾਮੀ ਲੋਕ ਸਭਾ ਚੋਣਾਂ ਵਿੱਚ ਜ਼ਿਲ੍ਹਾ ਭਰ ਵਿੱਚ 100 ਫੀਸਦੀ ਮਤਦਾਨ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ। ਇਸ ਲੜੀ ਵਿੱਚ ਅੱਜ ਦਿਹਾਤੀ ਹਲਕੇ ਵਿੱਚ ਸਹਾਇਕ ਰਿਟਰਨਿੰਗ ਅਫਸਰ ਫਿਰੋਜ਼ਪੁਰ ਦਿਹਾਤੀ—ਕਮ—ਵਧੀਕ ਡਿਪਟੀ ਕਮਿਸ਼ਨਰ (ਜ) ਫਿਰੋਜਪੁਰ ਨਿਧੀ ਕੁਮੰਦ ਬੰਬਾਹ ਪੀ.ਸੀ.ਐਸ ਦੀ ਦੇਖ—ਰੇਖ ਵਿੱਚ ਸਵੀਪ ਟੀਮ ਦੁਆਰਾ ਹਲਕੇ ਦੇ ਪਿੰਡ—ਪਿੰਡ ਜਾ ਕੇ ਵਿਸ਼ੇਸ਼ ਤੌਰ ਤੇ ਘੱਟ ਪੋਲਿੰਗ (ਟਰਨਆਉਟ) ਵਾਲੇ ਸਥਾਨਾਂ ਤੇ ਜਾ ਕੇ ਹਰਕੇ ਵਿਅਕਤੀ ਨੂੰ ਵੋਟ ਪਾਉਣ ਦਾ ਸੰਦੇਸ਼ ਦਿੱਤਾ। ਵਿਧਾਨ ਸਭਾ ਹਲਕਾ ਫਿਰੋਜ਼ਪੁਰ ਦਿਹਾਤੀ ਵਿਖੇ ਵੋਟਰ ਜਾਗਰੂਕਤਾ ਮੁਹਿੰਮ ਜੰਗੀ ਪੱਧਰ ਤੇ ਜਾਰੀ ਹੈ, ਇਸ ਟੀਮ ਦੁਆਰਾ ਫਿਰੋਜਪੁਰ ਦਿਹਾਤੀ ਵਿੱਚ ਹਰ ਇਕ ਵੋਟਰ ਨੂੰ ਵੋਟਾਂ ਦੀ ਮਹੱਤਤਾ ਦਸਦੇ ਹੋਏ 100 ਫੀਸਦੀ ਮਤਦਾਨ ਕਰਨ ਲਈ ਜਾਗਰੂਕ ਕੀਤਾ ਜਾ ਰਿਹਾ ਹੈ। ਸਵੀਪ ਟੀਮ ਦੁਆਰਾ ਇਹ ਵੀ ਦੱਸਿਆ ਜਾ ਰਿਹਾ ਹੈ ਕਿ ਚੋਣ ਕਮਿਸ਼ਨ ਦੁਆਰਾ ਵਿਸ਼ੇਸ ਲੋੜਾਂ ਵਾਲੇ ਵਿਅਕਤੀਆਂ ਨੂੰ ਬੁਜ਼ਰਗਾ, ਔਰਤਾਂ ਟਰਾਂਸਜੈਂਡਰ ਨੂੰ ਚੋਣਾਂ ਵਿੱਚ ਕੀ—ਕੀ ਵਿਸ਼ੇਸ ਸਹੂਲਤਾਂ ਮਿਲ ਰਹੀਆਂ ਹਨ। ਇਸ ਮੌਕੇ ਵੱਖ—ਵੱਖ ਸਕੂਲਾਂ—ਕਾਲਜਾਂ ਲਈ ਵੋਟਰ ਜਾਗਰੂਕਤਾ ਪ੍ਰੋਗਰਾਮ ਕਾਵਾਏ ਜਾ ਰਹੇ ਹਨ, ਜਿਨ੍ਹਾਂ ਵਿੱਚ ਭਾਸ਼ਨ ਮੁਕਾਬਲੇ ਕੁਇੰਜ ਮੁਕਾਬਲੇ ਗੀਤ ਮੁਕਾਬਲੇ ਰੰਗੋਲੀ ਆਦਿ ਦੇ ਮੁਕਾਬਲੇ ਕਰਵਾਏ ਗਏ ਅਤੇ ਫਿਰ ਜੇਤੂਆਂ ਨੇ ਹਲਕਾ ਪੱਧਰੀ ਸਵੀਪ ਮੇਲੇ ਵਿਚ ਭਾਗ ਲਿਆ ਅਤੇ ਵੋਟਾਂ ਦੀ ਮਹੱਤਤਾ ਬਾਰੇ ਜਾਣਕਾਰੀ ਸਾਂਝੀ ਕੀਤੀ। ਇਸ ਮੌਕੇ ਪੈਦਲ ਰੈਲੀ, ਸਾਇਕਲ ਰੈਲੀ, ਟ੍ਰੈਕਟਰ ਰੈਲੀ ਆਦਿ ਕਰਵਾਏ ਗਏ ਅਤੇ ਸਕੂਲ—ਕਾਲਜਾਂ ਵਿੱਚ ਚੋਣ ਸਾਖਰਤਾ ਕਲੱਬਾਂ ਦਾ ਗਠਨ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਵੋਟਰ ਜਾਗਰੂਕਤਾ ਲਈ ਅੱਲਗ—ਅਲੱਗ ਧਾਰਮਿਕ ਅਤੇ ਗੈਰ ਸਰਕਾਰੀ ਸੰਗਠਨ ਦੀ ਮਦਦ ਲਈ ਜਾ ਰਹੀ ਹੈ। ਇਸ ਮੌਕੇ ਸਵੀਪ ਕੋਆਰਡੀਨੇਟਰ ਕਮਲ ਸ਼ਰਮਾ, ਲਖਵਿੰਦਰ ਸਿੰਘ ਸਹਾਇਕ ਇਲੈਕਸ਼ਨ ਸੈਲ ਇੰਨਚਾਰਜ ਅੰਗਰੇਜ ਸਿੰਘ, ਚਰਨਜੀਤ ਸਿੰਘ ਚਹਿਲ, ਸੁਨੀਲ ਕੁਮਾਰ, ਪੂਨਮ ਰਾਣੀ, ਰੁਪਿੰਦਰ ਕੌਰ, ਸਮੂਹ ਆਂਗਣਵਾੜੀ ਵਰਕਰ ਆਦਿ ਹਾਜ਼ਰ ਸਨ।

# ਨਾਮਜਦਗੀਆਂ ਦੇ ਪਹਿਲੇ ਦਿਨ ਹੋਈਆਂ 3 ਨਾਮਜਦਗੀਆਂ



ਫ਼ਿਰੋਜ਼ਪੁਰ, 7 ਮਈ (ਮਨੋਹਰ ਲਾਲ) :— ਭਾਰਤ ਚੋਣ ਕਮਿਸ਼ਨ ਵੱਲੋਂ ਜਾਰੀ ਚੋਣ ਸ਼ਡਿਊਲ ਅਨੁਸਾਰ ਅੱਜ ਲੋਕ ਸਭਾ ਹਲਕਾ 10 ਫ਼ਿਰੋਜ਼ਪੁਰ ਦੇ ਰਿਟਰਨਿੰਗ ਅਫ਼ਸਰ—ਕਮ—ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਦੇ ਦਫ਼ਤਰ ਵਿਖੇ ਤਿੰਨ ਉਮੀਦਵਾਰਾਂ ਵੱਲੋਂ ਆਪਣੇ ਨਾਮਜਦਗੀ ਪੱਤਰ ਦਾਖਲ ਕੀਤੇ ਗਏ।

ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਰਾਜੇਸ਼ ਧੀਮਾਨ ਡਿਪਟੀ ਕਮਿਸ਼ਨਰ ਫ਼ਿਰੋਜ਼ਪੁਰ ਨੇ ਦੱਸਿਆ ਕਿ ਅੱਜ ਲੋਕ ਸਭਾ ਚੋਣਾਂ ਲਈ ਨਾਮਜ਼ਦਗੀਆਂ ਭਰਨ ਦੇ ਪਹਿਲੇ ਦਿਨ 3 ਉਮੀਦਵਾਰਾਂ ਅਰਵਿੰਦਰ ਸਿੰਘ, ਅੰਗਰੇਜ਼ ਸਿੰਘ ਅਤੇ ਸ੍ਰੀਮਤੀ ਮਨਪ੍ਰੀਤ ਕੌਰ ਵੱਲੋਂ ਆਪਣੇ ਨਾਮਜ਼ਦਗੀ ਪੱਤਰ ਦਾਖਲ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਨਾਮਜ਼ਦਗੀਆਂ ਭਰਨ ਦਾ ਸਮਾਂ ਸਵੇਰੇ 11 ਤੋਂ ਦੁਪਹਿਰ 3 ਵਜੇ ਤੱਕ ਦਾ ਹੈ ਅਤੇ ਨਾਮਜ਼ਦਗੀ ਪੱਤਰ ਦਾਖਲ ਕਰਵਾਉਣ ਦੀ ਆਖਰੀ ਮਿਤੀ 14 ਮਈ 2024 ਹੈ। ਉਨ੍ਹਾਂ ਦੱਸਿਆ ਕਿ ਇਸ ਵਾਰ ਹੋਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਭਾਰਤੀ ਚੋਣ ਕਮਿਸ਼ਨ ਦੀਆਂ ਸਪੱਸ਼ਟ ਹਦਾਇਤਾਂ ਹਨ ਕਿ ਜੇਕਰ ਕੋਈ ਵੀ ਰਾਜਨੀਤਿਕ ਪਾਰਟੀ ਜਾਂ ਉਸ ਦਾ ਨੁਮਾਇੰਦਾ ਆਦਰਸ਼ ਚੋਣ ਜਾਬਤੇ ਦੀ ਉਲੰਘਣਾ ਕਰਦਾ ਹੈ ਤਾਂ ਉਸ ਦੇ ਖਿਲਾਫ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ 14 ਮਈ ਤੱਕ ਨਾਮਜ਼ਦਗੀ ਪੱਤਰ ਦਾਖਲ ਕੀਤੇ ਜਾ ਸਕਣਗੇ, ਨਾਮਜ਼ਦਗੀ ਪੱਤਰਾਂ ਦੀ ਪੜਤਾਲ 15 ਮਈ ਨੂੰ ਅਤੇ ਨਾਮਜ਼ਦਗੀਆਂ ਦੀ ਵਾਪਸੀ 17 ਮਈ ਤੱਕ ਹੋਵੇਗੀ। ਉਨ੍ਹਾਂ ਦੱਸਿਆ ਕਿ ਮਤਦਾਨ ਇਕ ਜੂਨ ਨੂੰ ਹੋਵੇਗਾ ਅਤੇ ਗਿਣਤੀ 4 ਜੂਨ 2024 ਨੂੰ ਹੋਵੇਗੀ। ਉਨ੍ਹਾਂ ਸਮੂਹ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਜ਼ੋਰ ਦਿੰਦਿਆਂ ਕਿਹਾ ਕਿ ਆਦਰਸ਼ ਚੋਣ ਜਾਬਤੇ ਦੀ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਭਗਵਾਨ ਪਰਸ਼ੂਰਾਮ ਜੈਅੰਤੀ (10 ਮਈ) ਵਾਲੇ ਦਿਨ ਨੈਗੋਸ਼ੀਏਬਲ ਇੰਸਟਰੂਮੈਂਟਸ ਐਕਟ 1881 ਤਹਿਤ ਛੁੱਟੀ ਨਹੀਂ ਹੈ, ਇਸ ਲਈ 10 ਮਈ ਨੂੰ ਨਾਮਜ਼ਦਗੀ ਪੱਤਰ ਰਿਟਰਨਿੰਗ ਅਫਸਰ ਕੋਲ ਭਰੇ ਜਾ ਸਕਦੇ ਹਨ। ਉਨ੍ਹਾਂ ਅੱਗੇ ਦੱਸਿਆ ਕਿ 11 ਮਈ 2024 ਨੂੰ ਦੂਜਾ ਸ਼ਨੀਵਾਰ ਅਤੇ 12 ਮਈ ਨੂੰ ਐਤਵਾਰ ਹੋਣ ਕਰਕੇ ਨੈਗੋਸ਼ੀਏਬਲ ਇੰਸਟਰੂਮੈਂਟਸ ਐਕਟ, 1881 ਤਹਿਤ ਛੁੱਟੀ ਹੋਵੇਗੀ, ਇਸ ਲਈ ਇਨ੍ਹਾਂ ਦੋਵੇਂ ਦਿਨਾਂ ਦੌਰਾਨ ਨਾਮਜ਼ਦਗੀ ਪੱਤਰ ਨਹੀਂ ਭਰੇ ਜਾ ਸਕਣਗੇ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਇਤਿਹਾਸ ਵਿੱਚ ਸਿੱਖ ਬੀਬੀਆਂ ਲੜੀ ਤਹਿਤ

# ਨੌਵਾਂ ਵਿਸ਼ੇਸ਼ ਲੈਕਚਰ ਮਾਤਾ ਗੰਗਾ ਜੀ ਦੇ ਜੀਵਨ ਸੰਬੰਧੀ ਕਰਵਾਇਆ ਗਿਆ




**ਨਵੀਂ ਦਿੱਲੀ, 7 ਮਈ (ਮਨਪ੍ਰੀਤ ਸਿੰਘ ਖਾਲਸਾ):** ਸਿੱਖ ਇਤਿਹਾਸ ਦੇ ਪ੍ਰਚਾਰ-ਪ੍ਰਸਾਰ ਲਈ ਸਮਰਪਤ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਿੱਖ ਹਿਸਟਰੀ ਐਂਡ ਗੁਰਬਾਣੀ ਫ਼ੋਰਮ ਵੱਲੋਂ ਡਾ. ਪ੍ਰੋ. ਚਰਨ ਸਿੰਘ (ਚੇਅਰਮੈਨ ਪੰਜਾਬ ਐਂਡ ਸਿੰਧ ਬੈਂਕ) ਦੀ ਪ੍ਰੇਰਨਾ ਨਾਲ ਗੁ. ਰਕਾਬ ਗੰਜ ਸਾਹਿਬ ਦੇ ਕਾਨਫਰੰਸ ਹਾਲ ਵਿਖੇ ਬੀਤੇ ਦਿਨੀਂ "ਇਤਿਹਾਸ ਵਿੱਚ ਸਿੱਖ ਬੀਬੀਆਂ" ਲੜੀ ਤਹਿਤ ਨੌਵਾਂ ਵਿਸ਼ੇਸ਼ ਲੈਕਚਰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮਹਿਲ ਮਾਤਾ ਗੰਗਾ ਜੀ ਦੇ ਜੀਵਨ ਇਤਿਹਾਸ ਸੰਬੰਧੀ ਕਰਵਾਇਆ ਗਿਆ। ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਹਰਿਗੋਬਿੰਦ ਐਨਕਲੇਵ ਦੇ ਵਿਦਿਆਰਥੀਆਂ ਦੁਆਰਾ ਗਾਏ ਗੁਰਬਾਣੀ ਸ਼ਬਦ ਤੋਂ ਬਾਅਦ ਸੰਸਥਾ ਦੇ ਡਾਇਰੈਕਟਰ ਡਾ. ਹਰਬੰਸ ਕੌਰ ਸਾਗੂ ਨੇ ਆਏ ਹੋਏ ਵਿਦਵਾਨਾਂ, ਸੰਗਤਾਂ ਤੇ ਪਤਵੰਤੇ ਸੱਜਣਾਂ ਨੂੰ ਜੀ ਆਇਆਂ ਨੂੰ ਆਖਿਆ ਅਤੇ ਮੁੱਖ ਵਕਤਾ ਡਾ. ਬੇਅੰਤ ਕੌਰ, ਲੈਕਚਰ ਦੀ ਪ੍ਰਧਾਨਗੀ ਕਰ ਰਹੇ ਡਾ. ਇੰਦਰਜੀਤ ਕੌਰ ਸੇਠੀ ਅਤੇ ਡਾ. ਕੰਵਲ ਕੋਹਲੀ ਦਾ ਰਸਮੀ ਸਵਾਗਤ ਕਰਦਿਆਂ ਉਹਨਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਮੁੱਖ ਵਕਤਾ ਡਾ. ਬੇਅੰਤ ਕੌਰ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮਹਿਲ ਮਾਤਾ ਗੰਗਾ ਜੀ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੂੰ ਬੜੇ ਦ੍ਰਿੜ ਹਿਰਦੇ ਨਾਲ ਜਰਨ ਵਾਲੇ ਮਾਤਾ ਗੰਗਾ ਜੀ ਨੇ ਗਿਆਰਾਂ ਸਾਲ ਦੇ ਬਾਲ ਹਰਿਗੋਬਿੰਦ ਜੀ ਦੀ ਪਰਵਰਿਸ਼ ਕਰਦਿਆਂ ਉਨ੍ਹਾਂ ਵਲੋਂ ਕੀਤੇ ਗਏ ਮਹਾਨ ਕਾਰਜਾਂ, ਜਿਵੇਂ ਅਕਾਲ ਤਖ਼ਤ ਦੀ ਉਸਾਰੀ, ਸਿੱਖਾਂ ਨੂੰ ਸ਼ਸਤਰ ਧਾਰੀ ਬਣਾਉਣ, ਮੀਰੀ ਪੀਰੀ ਦੇ ਸਿਧਾਂਤ ਦੀ ਸਥਾਪਨਾ ਅਤੇ ਸਿੱਖ ਸਮਾਜ ਨੂੰ ਵਿਕਸਿਤ ਕਰਨ ਵਿਚ ਵੱਡਾ ਯੋਗਦਾਨ ਪਾਇਆ।

ਇਸ ਮੌਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹੁਕਮਨਾਮਿਆਂ ਦਾ ਸੰਗ੍ਰਹਿ ਵਿਆਖਿਆਕਾਰ ਦਲਜੀਤ ਸਿੰਘ ਜਾਵਾ ਅਤੇ ਦਰਸ਼ਨ ਕੌਰ ਉੱਪਲ ਦੁਆਰਾ ਅਨੁਵਾਦਿਤ ਹਿੰਦੀ ਪੁਸਤਕ 'ਆਜ ਕਾ ਹੁਕਮ' ਵੀ ਰਿਲੀਜ਼ ਕੀਤੀ ਗਈ।

ਲੈਕਚਰ ਦੀ ਪ੍ਰਧਾਨਗੀ ਕਰਦਿਆਂ ਡਾ. ਇੰਦਰਜੀਤ ਕੌਰ ਸੇਠੀ ਅਤੇ ਕੰਵਲ ਕੋਹਲੀ ਨੇ ਮਾਤਾ ਗੰਗਾ ਜੀ ਦੇ ਜੀਵਨ ਬਾਰੇ ਆਪਣੇ ਵੱਡਮੁੱਲੇ ਵਿਚਾਰ ਸਾਂਝੇ ਕੀਤੇ। ਉਪਰੰਤ ਡਾ. ਹਰਪ੍ਰੀਤ ਕੌਰ ਪ੍ਰਿੰਸੀਪਲ ਮਾਤਾ ਸੁੰਦਰੀ ਕਲਾਜ ਅਤੇ ਸਵਰਣ ਸਿੰਘ "ਸਵਰਣ" ਵੱਲੋਂ ਅੱਜ ਦੇ ਲੈਕਚਰ ਵਿਚ ਹਾਜ਼ਰੀ ਭਰਨ ਵਾਲੇ ਪਤਵੰਤੇ ਸੱਜਣਾ ਤੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ।

ਲੈਕਚਰ ਵਿੱਚ ਜਸਵੰਤ ਸਿੰਘ ਸਾਗੂ, ਪ੍ਰੋ. ਹਰਮੋਹਿੰਦਰ ਸਿੰਘ, ਡਾ. ਮਨਜੀਤ ਕੌਰ, ਡਾ. ਤਰਿੰਦਰ ਕੌਰ, ਵੱਖ ਵੱਖ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਾਂ ਦੇ ਅਧਿਆਪਕਾਂ, ਵਿਦਿਆਰਥੀਆਂ, ਇੰਟਰਨੈਸ਼ਨਲ ਇੰਸਟੀਚਿਊਟ ਆਫ ਗੁਰਮਤਿ ਸਟੱਡੀਜ਼ ਦੇ ਵਿਦਿਆਰਥੀਆਂ, ਸੂਝਵਾਨ ਸਰੋਤਿਆਂ ਅਤੇ ਵਿਦਿਆਰਥੀਆਂ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਭਰੀ।

### ਸਾਈਨ ਬੋਰਡਾਂ ਉੱਤੇ ਕਾਲਖ ਮਲਣ ਸਬੰਧੀ ਮਾਮਲੇ 'ਚ

# ਬਾਬਾ ਹਰਦੀਪ ਸਿੰਘ ਮਹਿਰਾਜ ਅਤੇ ਲੱਖਾ ਸਿਧਾਣਾ ਹੋਏ ਬਰੀ



ਨਵੀਂ ਦਿੱਲੀ 7 ਮਈ (ਮਨਪ੍ਰੀਤ ਸਿੰਘ ਖਾਲਸਾ):- ਜ਼ਿਕਰਯੋਗ ਹੈ ਕਿ ਸਾਲ 2017 ਦੇ ਵਿੱਚ ਲਖਵੀਰ ਸਿੰਘ ਲੱਖਾ ਸਿਧਾਣਾ ਅਤੇ ਬਾਬਾ ਹਰਦੀਪ ਸਿੰਘ ਮਹਿਰਾਜ ਹੋਰਾਂ ਤੇ ਸਾਈਨਿੰਗ ਬੋਰਡਾਂ ਤੇ ਕਾਲਖ ਮਲਣ ਸੰਬੰਧਤ ਕੇਸ ਦਰਜ ਹੋਏ ਸਨ। ਜੋਂ ਕਿ ਮੁਕੱਦਮਾ ਨੰਬਰ 177 ਮਿਤੀ 21/10/2017 ਅ/ਧ ਪ੍ਰੇਵੇਨਸਨ ਆਫ਼ ਡੈਮੇਜਸ ਟੂ ਪਬਲਿਕ ਪ੍ਰਾਪਰਟੀ ਐਕਟ 1984 ਅਤੇ ਪੰਜਾਬ ਪ੍ਰੇਵਿਨਸਨ ਆਫ਼ ਡੇਫੇਸਮੇਂਟ ਪ੍ਰੋਪਰਟੀ ਆਰਡੀਨੈਂਸ ਐਕਟ 1997, ਤਾਂ ਪੰਜਾਬ ਪ੍ਰੀਵੈਂਸ਼ਨ ਆਫ਼ ਡੈਮੇਜਸ ਪਬਲਿਕ ਪ੍ਰਾਈਵੇਟ ਪ੍ਰੋਪਰਟੀ ਐਕਟ 2014 ਥਾਣਾ ਨੇਹਿਆਂਵਾਲਾ ਤਹਿਤ ਦੋ ਮੁਕੱਦਮੇ ਦਰਜ ਹੋਏ ਸਨ।

ਜੋਂ ਕਿ ਮਾਨਯੋਗ ਸ੍ਰੀ ਸੁਮਿਤ ਗਰਗ ਜੱਜ ਸਾਹਿਬਾਨ ਅਤੇ ਸ਼੍ਰੀ ਸੰਦੀਪ ਕੁਮਾਰ ਜੱਜ ਸਾਹਿਬਾਨ ਦੀਆਂ ਅਦਾਲਤਾਂ ਵਿੱਚ ਪਿਛਲੇ ਕਾਫੀ ਸਮੇਂ ਤੋਂ ਨਿਲੰਬਿਤ ਸਨ। ਇਸ ਸਬੰਧੀ ਸੀਨੀਅਰ ਐਡਵੋਕੇਟ ਹਰਪਾਲ ਸਿੰਘ ਖਾਰਾ ਅਤੇ ਉਹਨਾਂ ਦੇ ਸਹਾਇਕ ਐਡਵੋਕੇਟ ਜੀਵਨ ਜੋਤ ਸਿੰਘ ਸੇਠੀ ਜੀ ਨਾਲ ਗੱਲ ਕਰੀ ਤਾਂ ਉਹਨਾਂ ਦੱਸਿਆ ਕਿ ਕੀ ਇਹ ਕੇਸ 2017 ਵਿੱਚ ਦਰਜ ਹੋਏ ਸਨ। ਜੋ ਕਿ ਬਠਿੰਡਾ ਹੱਦ ਦੇ ਅੰਦਰ ਲੱਗਦੇ ਵੱਖੋ ਵੱਖੀ ਥਾਵਾਂ ਤੇ ਲੱਗੇ ਸਾਈਨ ਬੋਰਡ ਜਿੰਨਾ ਉਪਰ ਅੰਗਰੇਜੀ ਭਾਸ਼ਾ ਅਤੇ ਹਿੰਦੀ ਭਾਸ਼ਾ ਨੂੰ ਪਹਿਲ ਦਿੱਤੀ ਗਈ ਸੀ ਅਤੇ ਪੰਜਾਬੀ ਬੋਲੀ ਨੂੰ ਅਖੀਰ ਵਿੱਚ ਰੱਖਿਆ ਗਿਆ ਸੀ ਦੇ ਸਬੰਧ ਵਿੱਚ ਸਾਈਨ ਬੋੜਾ ਉੱਪਰ ਪੋਚਾ ਫੇਰਨ ਸਬੰਧੀ ਮੁਕਦਮੇ ਦਰਜ ਹੋਏ ਸਨ ਜਿਨਾਂ ਵਿੱਚੋਂ ਬਹੁਤੇ ਮੁਕਦਮੇ ਹਜੇ ਵੀ ਵੱਖੋ ਵੱਖਰੀ ਅਦਾਲਤਾਂ ਦੇ ਅੰਦਰ ਪਿਛਲੇ ਕਾਫੀ ਲੰਮੇ ਸਮੇਂ ਤੋਂ ਨਿਲੰਬਿਤ ਪਏ ਹਨ, ਪਰ ਅੱਜ ਇਹਨਾਂ ਦੋ ਮੁਕਦਮਿਆਂ ਵਿੱਚ ਮਾਨਯੋਗ ਅਦਾਲਤਾਂ ਵੱਲੋਂ ਲੱਖਾ ਸਿਧਾਣਾ ਅਤੇ ਹਰਦੀਪ ਸਿੰਘ ਮਹਿਰਾਜ ਦੇ ਹੱਕ ਦੇ ਵਿੱਚ ਫੈਸਲਾ ਸੁਣਾਇਆ ਗਿਆ ਹੈ, ਅਤੇ ਉਹਨਾਂ ਨੂੰ ਬਾਇੱਜਤ ਬਰੀ ਕੀਤਾ ਗਿਆ।

### ਭਾਜਪਾ ਦੇ ਉਮੀਦਵਾਰ ਤਰਨਜੀਤ ਸਿੰਘ ਸੰਧੂ ਸਮੁੰਦਰੀ

# 10 ਮਈ ਨੂੰ ਨਾਮਜ਼ਦਗੀ ਕਾ.ਗਜ਼ ਦਾਖਲ ਕਰਨਗੇ

**ਅੰਮ੍ਰਿਤਸਰ 7 ਮਈ (ਆਵਾਜ਼ਿ ਕੌਮ ਬਿਊਰੋ)**-ਲੋਕ ਸਭਾ ਹਲਕਾ ਅੰਮ੍ਰਿਤਸਰ ਤੋਂ ਭਾਜਪਾ ਦੇ ਉਮੀਦਵਾਰ ਤਰਨਜੀਤ ਸਿੰਘ ਸੰਧੂ ਸਮੁੰਦਰੀ 10 ਮਈ ਨੂੰ ਨਾਮਜ਼ਦਗੀ ਕਾਗ.ਜ਼ ਦਾਖਲ ਕਰਨਗੇ। ਇਸ ਮੌਕੇ ਉਨ੍ਹਾਂ ਨਾਲ ਵਿਦੇਸ਼ ਮੰਤਰੀ ਡਾ. ਜੈਸ਼ੰਕਰ ਅਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੀ ਮੌਜੂਦ ਰਹਿਣਗੇ। ਇਸ ਬਾਰੇ ਤਰਨਜੀਤ ਸਿੰਘ ਨੇ ਖ਼ੁਦ ਜਾਣਕਾਰੀ ਦਿੱਤੀ। ਇਸ ਮੌਕੇ ਭਾਜਪਾ ਦੇ ਰਾਸ਼ਟਰੀ ਸਕੱਤਰ ਡਾ. ਨਰਿੰਦਰ ਸਿੰਘ ਰੈਣਾ, ਸਾਬਕਾ ਸੂਬਾ ਪ੍ਰਧਾਨ ਸ਼ਵੇਤ ਮਲਿਕ, ਹਰਵਿੰਦਰ ਸਿੰਘ ਸੰਧੂ, ਰਾਜੇਸ਼ ਹਨੀ, ਗੁਰਪ੍ਰਤਾਪ ਸਿੰਘ ਟਿਕਾ, ਪ੍ਰੋ. ਸਰਚਾਂਦ ਸਿੰਘ ਵੀ ਮੌਜੂਦ ਸਨ।




ਪ੍ਰੈੱਸ ਨਾਲ ਗੱਲਬਾਤ ਕਰਦਿਆਂ ਸੰਧੂ ਸਮੁੰਦਰੀ ਨੇ ਕਿਹਾ ਕਿ ਲੋਕ ਅੱਗੇ ਵੱਲ ਦੇਖਦੇ ਹਨ। ਖ਼ਾਸ ਤੌਰ ਤੇ ਅੰਮ੍ਰਿਤਸਰ ਦੇ ਲੋਕ ਇੱਥੋਂ ਦੀ ਡਿਵੈਲਪਮੈਂਟ ਵੱਲ । ਭਾਰਤ 'ਚ ਪ੍ਰਧਾਨ ਮੰਤਰੀ ਮੋਦੀ ਨੇ ਡਿਵੈਲਪਮੈਂਟ ਲਿਆਂਦੀ ਹੈ, ਲੇਕਿਨ ਅੰਮ੍ਰਿਤਸਰ ਦੀ ਕੀ ਹਾਲਤ ਹੈ? ਇਥੇ ਕਾਨੂੰਨੀ ਵਿਵਸਥਾ 'ਤੇ ਡਰੱਗ ਮਾਫ਼ੀਆ ਦਾ ਬੋਲ ਬਾਲਾ ਹੈ। ਸਾਡੀ ਐਗਰੀਕਲਚਰ ਅਤੇ ਇੰਡਸਟਰੀ, ਸੀਵਰੇਜ ਤੇ ਪਾਣੀ ਇਹੋ ਜਿਹੀਆਂ ਜਿੰਨੀਆਂ ਰੋਜ਼ ਦੀਆਂ ਮੁਸ਼ਕਲਾਂ ਨੇ ਉਹ ਸਾਰੀਆਂ ਵੱਧ ਦੀਆਂ ਜਾ ਰਹੀਆਂ ਹਨ। ਅੱਜ ਉਹਨਾਂ ਕੋਲੋਂ ਪੁੱਛਣਾ ਚਾਹੀਦਾ ਕਿ ਅੰਮ੍ਰਿਤਸਰ ਦੀ ਡਿਵੈਲਪਮੈਂਟ ਲਈ ਇੱਥੇ ਸੱਤ ਸਾਲ ਦੇ ਮੈਂਬਰ ਪਾਰਲੀਮੈਂਟ ਨੇ ਕੀ ਕੀਤਾ? ਛੇ ਸਾਲ 'ਚ ਇੰਦੌਰ ਕਿੱਥੋਂ ਕਿੱਥੇ ਪਹੁੰਚ ਗਿਆ । ਉਸ ਤਰ੍ਹਾਂ ਹੀ ਦੋ ਸਾਲ ਦੀ ਇਥੇ ਆਪ ਦੀ ਸਰਕਾਰ ਹੈ, ਤੁਸੀਂ ਕਿਸੇ ਨੂੰ ਜਾ ਕੇ ਇਥੇ ਪੁੱਛ ਲਓ ਕਿ ਲੋਕਾਂ ਦੀ ਹਾਲਤ ਸੁਧਰੀ ਹੈ ਕਿ ਖ਼ਰਾਬ ਹੋਈ ਹੈ? ਅਮਰੀਕਨ ਯੂਨੀਵਰਸਿਟੀਆਂ ਦੀ ਤਰਾਂ ਸਾਡੇ ਇਥੇ ਵੀ ਉਹ ਐਜੂਕੇਸ਼ਨ ਪਹੁੰਚਣੀ ਚਾਹੀਦੀ ਹੈ। ਕਿਉਂਕਿ ਜਦੋਂ ਵਿਦੇਸ਼ ਗਿਆ ਕਿਸੇ ਬੱਚੇ ਦਾ ਨੁਕਸਾਨ ਹੁੰਦਾ ਹੈ ਤਾਂ ਸਭ ਤੋਂ ਜ਼ਿਆਦਾ ਮਾਂ ਪਿਓ ਦਾ ਹੁੰਦਾ ਹੈ। ਅੱਜ ਅਜਨਾਲਾ ਦੇ ਪਿੰਡ ਇਬਰਾਹਿਮਪੁਰ ਦਾ ਨੌਜਵਾਨ ਜੋ ਬੀਤੇ ਦਿਨੀਂ ਸੜਕ ਹਾਦਸੇ ਦਾ ਸ਼ਿਕਾਰ ਹੋ ਗਿਆ ਸੀ, ਉਸ ਦੇ ਮਾਪੇ ਰੋ ਰਹੇ ਸੀ, ਪਰ ਉਨ੍ਹਾਂ ਨੂੰ ਇਹ ਤਸੱਲੀ ਸੀ ਕਿ ਗੁਰੂ ਮਹਾਰਾਜ ਦੀ ਕਿਰਪਾ ਨਾਲ ਉਸ ਦੀ ਮ੍ਰਿਤਕ ਦੇਹ ਵਾਪਸ ਆਈ। ਮੈਨੂੰ ਉਹਨਾਂ ਨੇ ਫ਼ੋਨ ਕਰਕੇ ਮਦਦ ਲਈ ਕਿਹਾ। ਅੰਬੈਸੀ ਨੇ ਮਦਦ ਕੀਤੀ। ਮਾਪੇ ਅਜਨਾਲਾ ਦਿਹਾਤ ਚ ਰਹਿੰਦੇ ਹਨ। ਹੁਣੇ ਮੈਂ ਸੁਣਿਆ ਇੱਕ ਇੰਗਲੈਂਡ 'ਚ ਵੀ ਡੈੱਥ ਹੋਈ ਹੈ। ਇਹ ਵੀ ਸਾਡੀ ਸਾਰਿਆਂ ਦੀ ਜ਼ਿੰਮੇਵਾਰੀ ਹੈ । ਸਾਡੇ ਬੱਚਿਆਂ ਨੂੰ ਇੱਥੋਂ ਖ਼ਾਸ ਤੌਰ ਤੇ ਅੰਮ੍ਰਿਤਸਰ ਦਿਆਂ ਨੂੰ ਕਿਸੇ ਮਜਬੂਰੀ ਚ ਵੀ ਬਾਹਰ ਨਾ ਜਾਣਾ ਪਵੇ। ਇਥੇ ਪੂੰਜੀ ਨਿਵੇਸ਼ ਹੋਵੇ। ਫ਼ੈਕਟਰੀਆਂ ਹੋਣ। ਉਦਾਹਰਨ ਕਿ ਸੈਮੀਕੰਡਕਟਰ ਦੀ ਫ਼ੈਕਟਰੀ ਗੁਜਰਾਤ 'ਚ ਲੱਗ ਰਹੀ ਹੈ ਸੋਲਰ ਦੀ ਫ਼ੈਕਟਰੀ ਸਭ ਤੋਂ ਵੱਡੀ ਸਾਡੇ ਭਾਰਤ ਚ ਲੱਗ ਰਹੀ ਹੈ। ਇੱਥੇ ਬੱਚਿਆਂ ਨੂੰ ਟ੍ਰੇਨਿੰਗ ਦਿੱਤੀ ਜਾ ਸਕਦੀ ਹੈ। ਅਗਰ ਅੰਮ੍ਰਿਤਸਰ ਦੇ ਬੱਚੇ ਬਾਹਰ ਜਾਣਗੇ ਤਾਂ ਨੁਕਸਾਨ ਸਭ ਦਾ ਹੈ। ਇਥੇ ਫ਼ੈਕਟਰੀਆਂ ਲਿਆਉਣੀਆਂ ਚਾਹੀਦੀਆਂ ਹਨ। ਇੱਥੇ 2 ਅਪ੍ਰੈਲ ਨੂੰ ਇੱਕ ਫੰਕਸ਼ਨ ਕੀਤਾ ਸੀ, ਜਿੱਥੇ ਅਮਰੀਕਾ ਦੀਆਂ ਟੋਪ ਕੰਪਨੀਆਂ ਨੇ ਬੱਚਿਆਂ ਸਟਾਰਟਅੱਪ ਦੇ ਬਾਰੇ ਗੱਲ ਕੀਤੀ। ਅਮਰੀਕਨ ਪ੍ਰਵਾਸੀ ਭਾਈਚਾਰੇ ਨੇ ਇਕੱਠੇ ਹੋ ਕੇ 100 ਮਿਲੀਅਨ ਡਾਲਰ ਭਾਵ 830 ਕਰੋੜ ਅੰਮ੍ਰਿਤਸਰ ਲਈ ਇਕੱਠੇ ਕਰ ਲਏ ਹਨ, ਸਟਾਰਟ ਅੱਪ ਰਾਹੀਂ ਅੰਮ੍ਰਿਤਸਰ ਦੀ ਮਦਦ ਲਈ। ਦੂਸਰੀ ਡਰੱਗ ਫ਼ਰੀ ਕਰਨ ਲਈ। ਅਮਰੀਕਾ ਜੋ ਦਵਾਈ ਪ੍ਰੋਡਿਊਸ ਕਰਦਾ ਹੈ, ਇੱਕ ਟੀਕਾ ਇੱਕ ਨੱਕ ਵਿਚ ਪਾਉਣ ਵਾਲੀ ਦਵਾਈ. , ਉਹ ਵੀ ਐਨ ਆਈ ਏ ਫ਼ਰੀ ਦੇਣ ਲਈ ਤਿਆਰ ਹਨ। ਅੰਮ੍ਰਿਤਸਰ ਦੀ ਗੰਦਗੀ ਨੂੰ ਟੈਕਨੌਲੋਜੀ ਔਰ ਪੈਸੇ ਦੀ ਮਦਦ ਨਾਲ ਸਾਫ਼ ਕਰਨ ਉਹ ਮਦਦ ਕਰਨਗੇ। ਇਹ ਤਾਂ ਸਿਰਫ਼ ਸ਼ੁਰੂਆਤ ਹੈ। ਪ੍ਰਧਾਨ ਮੰਤਰੀ ਮੋਦੀ ਸਾਹਿਬ ਦੀਆਂ ਕਈ ਸਕੀਮਾਂ ਨੇ, ਜਿਹਦੇ 'ਚ ਕਰੋੜਾਂ ਹੀ ਰੁਪਈਏ ਇਥੇ ਪਹੁੰਚੇ ਨਹੀਂ। ਕਿਉਂ ਨਹੀਂ ਪਹੁੰਚੇ, ਪਤਾ ਕਰਾਂਗੇ। ਅੰਮ੍ਰਿਤਸਰ ਕਿੰਨੀ ਕੁ ਸਮਾਰਟ ਸਿਟੀ ਬਣ ਗਈ ? ਉਹ ਪੈਸਾ ਕਿੱਥੇ ਗ.ਾਇਬ ਹੋਇਆ ਜੋ ਇਸ ਕਾਰਜ ਲਈ ਆਇਆ ? ਅਸੀਂ ਇਸ ਬਾਰੇ ਵੀ ਜਾਂਚ ਕਰਾਵਾਂਗੇ।

- ਇਸ ਮੌਕੇ ਉਨ੍ਹਾਂ ਨਾਲ ਵਿਦੇਸ਼ ਮੰਤਰੀ ਡਾ. ਜੈਸ਼ੰਕਰ ਅਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੀ ਮੌਜੂਦ ਰਹਿਣਗੇ।
- ਅੰਮ੍ਰਿਤਸਰ ਦੀ ਸਟਾਰਟਅੱਪ 'ਚ ਮਦਦ ਲਈ ਅਮਰੀਕਨ ਪ੍ਰਵਾਸੀ ਭਾਈਚਾਰੇ ਨੇ 100 ਮਿਲੀਅਨ ਡਾਲਰ ਇਕੱਠਾ ਕੀਤਾ- ਸੰਧੂ ਸਮੁੰਦਰੀ

# ਜਟਾਣਾ ਦੀ ਅਗਵਾਈ ਹੇਠ ਸਿੱਧੂ ਦੇ ਹੱਕ 'ਚ ਹੋਈ ਵਰਕਰ ਮਿਲਣੀ ਨਾਲ ਹਲਕੇ ਦੇ ਕਾਂਗਰਸੀ ਉਤਸ਼ਾਹਿਤ



**ਤਲਵੰਡੀ ਸਾਬੋ, 07 ਮਈ (ਗੁਰਜੰਟ ਸਿੰਘ ਨਥੇਹਾ)**- ਲੋਕ ਸਭਾ ਹਲਕਾ ਬਠਿੰਡਾ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਅਤੇ ਹਲਕਾ ਤਲਵੰਡੀ ਸਾਬੋ ਤੋਂ ਚਾਰ ਵਾਰ ਵਿਧਾਇਕ ਰਹੇ ਜੀਤਮਹਿੰਦਰ ਸਿੰਘ ਸਿੱਧੂ ਦੇ ਹੱਕ ਚ ਕਾਂਗਰਸ ਦੇ ਹਲਕਾ ਇੰਚਾਰਜ ਅਤੇ ਜਿਲ੍ਹਾ ਕਾਂਗਰਸ ਕਮੇਟੀ ਬਠਿੰਡਾ (ਦਿਹਾਤੀ) ਪ੍ਰਧਾਨ ਖੁਸ਼ਬਾਜ ਸਿੰਘ ਜਟਾਣਾ ਦੀ ਅਗਵਾਈ ਹੇਠ ਇਤਿਹਾਸਿਕ ਨਗਰ ਤਲਵੰਡੀ ਸਾਬੋ 'ਚ ਕੀਤੀ ਵਰਕਰ ਮਿਲਣੀ 'ਚ ਉੱਮੜੇ ਬੇਮੁਹਾਰੇ ਜਨ ਸੈਲਾਬ ਕਾਰਣ ਹਲਕੇ ਦੇ ਕਾਂਗਰਸੀਆਂ ਚ ਵਿਸ਼ੇਸ ਉਤਸ਼ਾਹ ਦੇਖਣ ਨੂੰ ਮਿਲਿਆ। ਕਾਂਗਰਸੀ ਵਰਕਰਾਂ ਅਤੇ ਲੋਕਾਂ ਦੇ ਵਿਸ਼ਾਲ ਇਕੱਠ ਜਿਸ ਵਿੱਚ ਵੱਡੀ ਗਿਣਤੀ ਬੀਬੀਆਂ ਵੀ ਮੌਜੂਦ ਸਨ ਨੂੰ ਸੰਬੋਧਨ ਦੌਰਾਨ ਕਾਂਗਰਸ ਹਲਕਾ ਇੰਚਾਰਜ ਖੁਸ਼ਬਾਜ ਸਿੰਘ ਜਟਾਣਾ ਨੇ ਕਿਹਾ ਕਿ ਹਲਕੇ ਦੇ ਲੋਕਾਂ ਜਿੱਥੇ ਬੀਬਾ ਹਰਸਿਮਰਤ ਕੌਰ ਬਾਦਲ ਦੇ ਪੰਦਰਾਂ ਸਾਲਾਂ ਦੇ ਕਾਰਜਕਾਲ ਨੂੰ ਦੇਖਕੇ ਇਹ ਜਾਣ ਚੁੱਕੇ ਹਨ ਕਿ ਉਨਾਂ ਨੇ ਲੋਕ ਸਭਾ ਹਲਕੇ ਅਧੀਨ ਆਉਂਦੇ ਸਿਰਫ ਇੱਕ ਹਲਕੇ ਦਾ ਮਾੜਾ ਮੋਟਾ ਵਿਕਾਸ ਕਰਵਾਇਆ ਪਰ ਬਾਕੀ ਅੱਠ ਹਲਕਿਆਂ ਨੂੰ ਬਿਲਕੁਲ ਹੀ ਵਿਸਾਰੀ ਰੱਖਿਆ ਉੱਥੇ ਗੁਰਮੀਤ ਸਿੰਘ ਖੁੱਡੀਆਂ ਨੇ ਮਾਨਸਾ ਜਿਲ੍ਹੇ ਦੇ ਹੜ੍ਹ ਪੀੜਿਤ ਇਲਾਕਿਆਂ ਦਾ ਦੌਰਾ ਤੱਕ ਕਰਨਾ ਜਾਇਜ਼ ਨਹੀ ਸਮਝਿਆ ਬਰਬਾਦ ਫਸਲਾਂ ਦਾ ਮੁਆਵਜ਼ਾ ਤਾਂ ਕੀ ਦੇਣਾ ਸੀ। ਉਨਾਂ ਨੇ ਵਰਕਰਾਂ ਨੂੰ ਅਪੀਲ ਕੀਤੀ ਕਿ ਇਕਜੁਟਤਾ ਦਿਖਾ ਕੇ ਹਲਕੇ ਚੋਂ ਸਿੱਧੂ ਨੂੰ ਜਿਤਾਉਣ ਉਧਰ ਆਪਣੇ ਸੰਬੋਧਨ ਚ ਜੀਤਮਹਿੰਦਰ ਸਿੰਘ ਸਿੱਧੂ ਨੇ ਕਿਹਾ ਕਿ ਉਨਾਂ ਨੇ ਆਪਣੇ 30 ਸਾਲ ਦੇ ਸਿਆਸੀ ਕੈਰੀਅਰ ਦੌਰਾਨ ਕਿੰਨਾ ਵਿਕਾਸ ਕਰਵਾਇਆ ਇਹ ਹਲਕਾ ਤਲਵੰਡੀ ਸਾਬੋ ਦੇ ਲੋਕਾਂ ਤੋਂ ਵੱਧ ਕੋਈ ਨਹੀ ਜਾਣਦਾ ਉਨਾਂ ਕਿਹਾ ਕਿ ਉਨਾਂ ਨੂੰ ਮਾਣ ਹੈ ਕਿ ਉਨਾਂ ਨੇ ਸੱਤਾ ਚ ਰਹਿੰਦਿਆਂ ਵੀ ਆਪਣੇ ਦਾਮਨ ਤੇ ਕਦੇ ਕੋਈ ਦਾਗ ਨਹੀ ਲੱਗਣ ਦਿੱਤਾ ਅਤੇ ਜੇਕਰ ਲੋਕ ਸੇਵਾ ਦਾ ਮੌਕਾ ਦੇਣਗੇ ਤਾਂ ਇਮਾਨਦਾਰੀ ਨਾਲ ਲੋਕ ਸਭਾ ਹਲਕੇ ਦੀ ਸੇਵਾ ਨਿਭਾਵਾਂਗੇ। ਇਕੱਤਰਤਾ ਨੂੰ ਸਿੱਧੂ ਦੇ ਨੌਜਵਾਨ ਸਪੁੱਤਰ ਗੁਰਬਾਜ਼ ਸਿੰਘ ਸਿੱਧੂ ਨੇ ਵੀ ਸੰਬੋਧਨ ਕੀਤਾ ਜਦੋਂਕਿ ਸਟੇਜ ਦੀ ਜ਼ਿੰਮੇਵਾਰੀ ਨਗਰ ਕੌਂਸਲ ਦੇ ਸਾਬਕਾ ਕਾ. ਪ੍ਰਧਾਨ ਹਰਬੰਸ ਸਿੰਘ ਨੇ ਨਿਭਾਈ। ਇਸ ਮੌਕੇ ਸੀ. ਕਾਂਗਰਸੀ ਆਗੂ ਰਣਬੀਰ ਸਿੰਘ ਸਿੱਧੂ, ਅਮਰਜੀਤ ਸਿੰਘ ਨਵਾਂ ਪਿੰਡ, ਕ੍ਰਿਸ਼ਨ ਸਿੰਘ ਭਾਗੀਵਾਂਦਰ, ਸੁਖਬੀਰ ਸਿੰਘ ਚੱਠਾ, ਅਵਤਾਰ ਮੈਨੂੰਆਣਾ ਆਦਿ ਆਗੂ ਮੌਜੂਦ ਦਿਖਾਈ ਦਿੱਤੇ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਦਮਦਮੀ ਟਕਸਾਲ ਵੱਲੋਂ ਛੇਵੇਂ ਦਿਨ ਦੇ

# ਸ਼ਹੀਦੀ ਦੀਵਾਨ ਪਿੰਡ ਕਾਹਲਵਾਂ ਵਿਖੇ ਸਜੇ



ਚੌਂਕ ਮਹਿਤਾ, 07 ਮਈ(ਬਾਬਾ ਸੁਖਵੰਤ ਸਿੰਘ ਚੰਨਣਕੇ )-ਦਮਦਮੀ ਟਕਸਾਲ ਮਹਿਤਾ ਵੱਲੋਂ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਦੀ ਰਹਿਨੁਮਾਈ ਹੇਠ 6 ਜੂਨ ਨੂੰ ਟਕਸਾਲ ਹੈੱਡ ਕੁਆਟਰ ਗੁ.ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਮਨਾਈ ਜਾ ਰਹੀ ਤੀਸਰੇ ਘੱਲੂਘਾਰੇ ਦੇ ਸਮੂਹ ਸ਼ਹੀਦੀ ਦੀ 40ਵੀਂ ਸ਼ਹੀਦੀ ਵਰ੍ਹੇਗੰਢ ਦੇ ਚੱਲਦਿਆਂ 1 ਮਈ ਤੋਂ ਵੱਖ ਵੱਖ ਨਗਰਾਂ 'ਚ ਆਰੰਭ ਕੀਤੇ ਗਏ ਸ਼ਬਦ ਕੀਰਤਨ ਤੇ ਕਥਾ ਸਮਾਗਮ ਦੀ ਲੜੀ ਤਹਿਤ ਬੀਤੀਂ ਸ਼ਾਮ ਦਾ ਛੇਵਾਂ ਸ਼ਹੀਦੀ ਦੀਵਾਨ ਗੁਰਦਾਸਪੁਰ ਜ਼ਿਲ੍ਹੇ 'ਚ ਪਿੰਡ ਕਾਹਲਵਾਂ ਦੇ ਗੁਰਦੁਆਰਾ ਖਾਲਸਾ ਦਰਬਾਰ ਵਿਖੇ ਸਜਾਏ ਗਏ।ਦਮਦਮੀ ਟਕਸਾਲ ਦੇ ਵਿਦਿਆਰਥੀਆਂ ਦੇ ਰਾਗੀ ਜਥੇ ਵੱਲੋਂ ਰਸਮਈ ਸ਼ਬਦ ਕੀਰਤਨ ਨਾਲ ਇਸ ਸਮਾਗਮ ਦੀ ਆਰੰਭਤਾ ਕਰਨ ਉਪਰੰਤ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਨੇ ਹਾਜ਼ਰ ਸੰਗਤਾਂ ਨਾਲ ਵਿਚਾਰਾਂ ਦੀ ਸਾਂਝ ਪਾਈ ਤੇ ਸੂਰਜ ਪ੍ਰਕਾਸ਼ ਗਰੰਥ 'ਚੋਂ ਲੜੀਵਾਰ ਚੱਲ ਰਹੀ ਕਥਾ ਨੂੰ ਅੱਗੇ ਤੋਰਿਆ।ਉਨ੍ਹਾਂ ਨੇ ਸੰਗਤਾਂ ਨੂੰ ਅੰਮ੍ਰਿਤ ਛੱਕਣ ਤੇ ਗੁਰੂ ਵਾਲੇ ਬਣ ਕੇ ਆਪਣਾ ਜੀਵਨਾ ਸਫਲ ਕਰਨ ਦੀ ਅਪੀਲ ਕਰਦੇ ਹੋਏ ਗੁਰ ਇਤਿਹਾਸ ਦੇ ਕੁਝ ਅਹਿਮ ਪਲਾਂ 'ਤੇ ਸੰਖੇਪ ਚਾਨਣਾ ਪਾਇਆ। ਇਸ ਮੌਕੇ ਗ੍ਰੰਥੀ ਨਿਰਮਲ ਸਿੰਘ,ਨੰਬਰਦਾਰ ਹਰਜਿੰਦਰ ਸਿੰਘ,ਸਰਪੰਚ ਜਿੰਦਪਾਲ ਸਿੰਘ,ਸਿਕੰਦਰ ਸਿੰਘ ਪੀ.ਏ., ਮੰਚ ਸੰਚਾਲਕ ਪ੍ਰਿੰਸੀਪਲ ਗੁਰਦੀਪ ਸਿੰਘ ਰੰਧਾਵਾ,ਜਥੇਦਾਰ ਬਾਬਾ ਅਜੀਤ ਸਿੰਘ ਮੁਖੀ ਤਰਨਾ ਦਲ ਮਹਿਤਾ, ਭਾਈ ਮੋਹਕਮ ਸਿੰਘ ਹੈੱਡ ਗ੍ਰੰਥੀ,ਭਾਈ ਗੁਰਪ੍ਰੀਤ ਸਿੰਘ ਵੈਦ ਰਾਮਥੰਮਣ, ਕਵੀਸ਼ਰ ਮੇਜਰ ਸਿੰਘ,ਸੂਬੇਦਾਰ ਬਲਦੇਵ ਸਿੰਘ,ਸਤਨਾਮ ਸਿੰਘ ਮਹਿਤਾ,ਜਸਬੀਰ ਸਿੰਘ ਜਫਰਵਾਲ, ਭਾਈ ਹਰਸ਼ਦੀਪ ਸਿੰਘ ਰੰਧਾਵਾ ਤੇ ਭਾਈ ਅਵਤਾਰ ਸਿੰਘ ਬੁੱਟਰ (ਦੋਵੇਂ ਮੈਂਬਰ ਚੀਫ ਖਾਲਸਾ ਦੀਵਾਨ) ਆਦਿ ਤੋਂ ਇਲਾਵਾ ਵੱਡੀ ਗਿਣਤੀ 'ਚ ਸੰਗਤਾਂ ਹਾਜ਼ਰ ਸਨ।

### ਹਲਕਾ ਅਟਾਰੀ ਤੋਂ ਆਪ ਉਮੀਦਵਾਰ ਰਹੇ

# ਸ. ਜਸਵਿੰਦਰ ਸਿੰਘ ਜਹਾਂਗੀਰ ਆਪਣੇ ਸਾਥੀਆਂ ਨਾਲ ਭਾਜਪਾ ਪਰਿਵਾਰ ਵਿੱਚ ਸ਼ਾਮਿਲ ਹੋਏ



**ਅੰਮ੍ਰਿਤਸਰ, 7 ਮਈ (ਆਵਾਜ਼ਿ ਕੌਮ ਬਿਊਰੋ)-** ਅੱਜ ਅੰਮ੍ਰਿਤਸਰ ਤੋਂ ਭਾਜਪਾ ਉਮੀਦਵਾਰ ਤਰਨਜੀਤ ਸਿੰਘ ਸੰਧੂ ਸਮੁੰਦਰੀ ਨੂੰ ਉਸ ਵੇਲੇ ਬਹੁਤ ਬਲ ਮਿਲਿਆ ਜਦੋਂ ਆਮ ਆਦਮੀ ਦੇ 2017 ਵਿੱਚ ਹਲਕਾ ਅਟਾਰੀ ਤੋਂ ਉਮੀਦਵਾਰ ਰਹੇ ਸ. ਜਸਵਿੰਦਰ ਸਿੰਘ ਜਹਾਂਗੀਰ ਆਪਣੇ ਬਹੁ ਗਿਣਤੀ ਸਾਥੀਆਂ ਨਾਲ ਜਰਨਲ ਸਕੱਤਰ ਭਾਜਪਾ ਪੰਜਾਬ ਸ.ਪਰਮਿੰਦਰ ਸਿੰਘ ਬਰਾੜ ਦੀ ਪ੍ਰੇਰਣਾ ਸਦਕਾ ਭਾਜਪਾ ਪਰਿਵਾਰ ਵਿੱਚ ਸ਼ਾਮਿਲ ਹੋਏ। ਇਸ ਮੌਕੇ ਭਾਜਪਾ ਦੇ ਰਾਸ਼ਟਰੀ ਜਨਰਲ ਸਕਤਰ ਡਾ. ਨਰਿੰਦਰ ਸਿੰਘ ਰੈਣਾ, ਸ਼ਵੇਤ ਮਲਿਕ, ਰਜਿੰਦਰ ਮੋਹਨ ਸਿੰਘ ਛੀਨਾ, ਹਰਵਿੰਦਰ ਸਿੰਘ ਸੰਧੂ, ਗੁਰਪ੍ਰਤਾਪ ਸਿੰਘ ਟਿੱਕਾ ਤੇ ਪ੍ਰੋ. ਸਰਚਾਂਦਸਿੰਘ ਆਦਿ ਵੀ ਮੌਜੂਦ ਰਹੇ। ਭਾਜਪਾ 'ਚ ਸ਼ਾਮਿਲ ਹੋਣ ਵਾਲਿਆਂ 'ਚ ਸ਼ਮਸ਼ੇਰ ਸਿੰਘ ਕਾਉਂਕੇ, ਸੁਰਜੀਤ ਸਿੰਘ, ਅਮਨਦੀਪ ਸਿੰਘ ਧਨੋਆ, ਦਲਵੀਰ ਸਿੰਘ, ਕਰਨ ਦੀਪ ਸਿੰਘ, ਗੁਰਦੀਪ ਸਿੰਘ ਗੋਰਾ, ਦਲਬੀਰ ਸਿੰਘ, ਦਿਲਬਾਗ ਸਿੰਘ ਚੱਕ ਮੁਕੰਦ, ਸ਼ੁਭਮ ਗਿੱਲ, ਬਲਵਿੰਦਰ ਸਿੰਘ ਜਹਾਂਗੀਰ, ਗੁਰਜੰਟ ਸਿੰਘ, ਜੋਬਨ ਸਿੰਘ ਬਰਾੜ, ਕਮਲਜੀਤ ਸਿੰਘ ਸੰਧੂ, ਅਮਨਦੀਪ ਕੁਮਾਰ ਅਟਾਰੀ (ਸਾਬਕਾ ਹਲਕਾ ਇੰਚਾਰਜ), ਹਰਪਾਲ ਸਿੰਘ ਚਾਟੀ ਵਿੰਡ ਅਤੇ ਬਾਬਾ ਲੱਖਾ ਸਿੰਘ ਵੀ ਸ਼ਾਮਿਲ ਸਨ, ਜਿਨ੍ਹਾਂ ਨੂੰ ਖੰਨਾ ਸਮਾਰਕ ਵਿਖੇ ਭਾਜਪਾ ਦੀ ਸਥਾਨਕ ਲੀਡਰਸ਼ਿਪ ਨੇ 'ਜੀ ਆਇਆ ਨੂੰ' ਕਿਹਾ। ਅਤੇ ਸਨਮਾਨਿਤ ਕੀਤਾ। ਪਾਰਟੀ ਲੀਡਰਸ਼ਿਪ ਨੇ ਕਿਹਾ ਕਿ ਸ਼ਾਮਿਲ ਹੋਏ ਜਹਾਂਗੀਰ ਤੇ ਉਨ੍ਹਾਂ ਸਮਰਥਕਾਂ ਨੂੰ ਪਾਰਟੀ ਵੱਲੋਂ ਹਮੇਸ਼ਾ ਬਣਦਾ ਮਾਣ ਸਤਿਕਾਰ ਦਿੱਤਾ ਜਾਵੇਗਾ। ਸੰਧੂ ਸਮੁੰਦਰੀ ਨੇ ਇਸ ਮੌਕੇ ਕਿਹਾ ਕਿ ਕਿਹਾ ਕਿ ਭਾਜਪਾ ਪਰਿਵਾਰ ਦਿਨੋਂ ਦਿਨ ਵਾਧਾ ਹੋ ਰਿਹਾ ਹੈ। ਦੁਨੀਆ ਦੀ ਸਭ ਤੋਂ ਵੱਡੀ ਪਾਰਟੀ ਤੇ ਸਭ ਤੋਂ ਮਜ਼ਬੂਤ ਪਾਰਟੀ ਹੋਰ ਮਜ਼ਬੂਤ ਹੋ ਰਹੀ ਹੈ। ਉਹਨਾਂ ਡਾ. ਨਰਿੰਦਰ ਰੈਣਾ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਟਾਈਮ ਕੱਢ ਕੇ ਉਨ੍ਹਾਂ ਨੂੰ ਜੁਆਇਨ ਕੀਤਾ ਹੈ। ਸੰਧੂ ਸਮੁੰਦਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਪਿਛਲੇ 10 ਸਾਲ ਦੇ ਵਿੱਚ ਇਸ ਦੇਸ਼ ਨੂੰ ਅੱਗੇ ਲੈ ਗਏ, ਸਮਾਜ ਨੂੰ ਅੱਗੇ ਲੈ ਕੇ ਗਏ। ਉਹਨੂੰ ਦੇਖ ਕੇ ਹੋਰਨਾਂ ਪਾਰਟੀਆਂ ਦੇ ਜਿਹੜੇ ਲੋਕ ਸਮਾਜ ਦੀ ਸੇਵਾ ਕਰਨਾ ਚਾਹੁੰਦੇ ਨੇ ਜਿਹੜੇ ਕੋਈ ਪੁਲਿਟੀਕਲ ਐਕਟੀਵਿਸਟ ਉਹ ਇਸ ਪਾਰਟੀ ਨੂੰ ਜੁਆਇਨ ਕਰ ਰਹੇ ਹਨ। ਜਿਹੜੀਆਂ ਕੇਂਦਰ ਦੀਆਂ ਸਕੀਮਾਂ ਪੰਜਾਬ ਦੇ ਲੋਕਾਂ ਤੱਕ ਪੂਰੀਆਂ ਨਹੀਂ ਪਹੁੰਚੀਆਂ, ਉਹ ਪਹੁੰਚਾਈਆਂ ਜਾਣਗੀਆਂ । ਉਹਨਾਂ ਨੇ ਕਿਹਾ ਕਿ 25 ਕਰੋੜ ਲੋਕ ਦੇਸ਼ ਦੇ ਵਿੱਚ ਪ੍ਰਧਾਨ ਮੰਤਰੀ ਦੀ ਸਕੀਮ ਦੇ ਕਾਰਨ ਗ਼ਰੀਬੀ ਰੇਖਾ ਤੋਂ ਉਪਰ ਆਏ ਹਨ।ਬਹੁਤ ਸਾਰੀਆਂ ਸਕੀਮਾਂ ਕੇਂਦਰ ਦੀਆਂ ਹਨ, ਜਿਨ੍ਹਾਂ 'ਤੇ ਸੂਬਾ ਸਰਕਾਰਾਂ ਆਪਣਾ ਠੱਪਾ ਲਗਾ ਲੈਂਦੀਆਂ ਹਨ। ਰਾਸ਼ਟਰੀ ਸਕੱਤਰ ਡਾ. ਨਰਿੰਦਰ ਰੈਣਾ ਨੇ ਕਿਹਾ ਕਿ ਜਹਾਂਗੀਰ ਵਰਗੇ ਮਿਹਨਤੀ ਲੋਕਾਂ ਨੂੰ ਪਾਰਟੀ 'ਚ ਪੂਰਾ ਮਾਣ ਮਿਲੇਗਾ। ਸਾਡੀ ਪਾਰਟੀ ਵਿਚਾਰਧਾਰਾ ਔਰ ਕੇਡਰ ਬੇਸ ਪਾਰਟੀ ਹੈ। ਭਾਰਤੀ ਜਨਤਾ ਪਾਰਟੀ ਇੱਕ ਇਹੋ ਜਿਹੀ ਪਾਰਟੀ ਹੈ ਜਿੱਥੇ ਆਮ ਵਰਕਰ ਦੀ ਸੁਣੀ ਜਾਂਦੀ ਹੈ। ਆਮ ਵਰਕਰ ਇਹ ਸੁਪਨਾ ਦੇਖ ਸਕਦਾ ਇਹ ਖ਼ੁਆਬ ਦੇਖ ਸਕਦਾ ਕਿ ਉਹ ਸੂਬੇ ਦੇ ਮੰਤਰੀ ਤੋਂ ਲੈ ਕੇ ਮੁੱਖ ਮੰਤਰੀ ਤੋਂ ਲੈ ਕੇ ਦੇਸ਼ ਦਾ ਪ੍ਰਧਾਨ ਮੰਤਰੀ ਬਣ ਸਕਦਾ ਹੈ। ਸਿਰਫ਼ ਭਾਰਤੀ ਜਨਤਾ ਪਾਰਟੀ 'ਚ ਹੀ ਲੋਕ ਸੁਪਨਾ ਦੇਖ ਸਕਦੇ ਹਨ। ਬਾਕੀ ਪਾਰਟੀਆਂ ਦੇ ਵਿੱਚ ਸੁਪਨਾ ਕੀ ਸੋਚ ਵੀ ਨਹੀਂ ਸਕਦੇ।

> ☛ ਅੰਮ੍ਰਿਤਸਰ ਤੋਂ ਇਸ ਵਾਰ ਭਾਜਪਾ ਹੀ ਜਿੱਤੂ - ਤਰਨਜੀਤ ਸਿੰਘ ਸੰਧੂ ☛ ਤਰਨਜੀਤ ਸਿੰਘ ਸੰਧੂ ਅੰਮ੍ਰਿਤਸਰ ਲਈ ਸਭ ਤੋਂ ਕਾਬਲ ਅਤੇ ਚੰਗੀ ਸੋਚ ਦਾ ਮਾਲਕ - ਡਾ. ਨਰਿੰਦਰ ਰੈਣਾ

## ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ

# ਤਲਵੰਡੀ ਸਾਬੋ ਦੀ ਹੋਈ ਮਹੀਨਾਵਾਰ ਮੀਟਿੰਗ



**ਤਲਵੰਡੀ ਸਾਬੋ, 07 ਮਈ (ਗੁਰਜੰਟ ਸਿੰਘ ਨਥੇਹਾ)-** ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਤਲਵੰਡੀ ਸਾਬੋ ਦੀ ਮਹੀਨਾ ਵਾਰ ਮੀਟਿੰਗ ਬਲਾਕ ਪ੍ਰਧਾਨ ਗੁਰਮੇਲ ਸਿੰਘ ਘਈ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਵੱਖ-ਵੱਖ ਮੁੱਦਿਆਂ 'ਤੇ ਵਿਚਾਰਾਂ ਕੀਤੀਆਂ ਗਈਆਂ। ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਗੁਰਮੇਲ ਸਿੰਘ ਘਈ ਨੇ ਕਿਹਾ ਕਿ ਕਿਸੇ ਵੀ ਸਰਕਾਰ ਨੇ ਸਾਡੀਆਂ ਮੰਗਾਂ ਵੱਲ ਧਿਆਨ ਨਹੀਂ ਦਿੱਤਾ ਹਾਲਾਂਕਿ ਅਸੀਂ ਮੌਜੂਦਾ ਐੱਮ ਐੱਲ ਏ ਸਾਹਿਬਾ ਪ੍ਰੋ. ਬਲਜਿੰਦਰ ਕੌਰ ਅਤੇ ਮੰਤਰੀ ਸਾਹਿਬ ਨੂੰ ਕਈ ਵਾਰ ਮਿਲਕੇ ਮੰਗ ਪੱਤਰ ਦੇ ਚੁੱਕੇ ਹਾਂ ਪਰ ਲਾਰਿਆਂ ਤੋਂ ਸਿਵਾ ਕੁਝ ਪੱਲੇ ਨਹੀਂ ਪਿਆ। ਉਹਨਾਂ ਕਿਹਾ ਕਿ ਅਸੀਂ ਸਰਕਾਰ ਨੂੰ ਬੇਨਤੀ ਕਰਦੇ ਹਾਂ ਕਿ ਸਾਡੀਆਂ ਮੰਗਾਂ ਵੱਲ ਧਿਆਨ ਦਿੱਤਾ ਜਾਵੇ ਕਿਉਂਕਿ ਸਾਡੀ ਸੰਸਥਾ ਨੇ ਕੋਰੋਨਾ ਪੀਰੀਅਡ ਤੋਂ ਲੈਕੇ ਦਿੱਲੀ ਕਿਸਾਨੀ ਅੰਦੋਲਨ, ਹੜ੍ਹ ਦੇ ਹਾਲਾਤਾਂ ਵਿੱਚ ਸਰਕਾਰ ਅਤੇ ਵਿਭਾਗ ਦੇ ਨਾਲ ਮੋਢਾ ਲਾ ਕੇ ਆਪਣੀ ਡਿਊਟੀ ਨਿਭਾਈ ਹੈ ਇਸ ਕਰਕੇ ਸਾਡਿਆ ਜਾਇਜ ਮੰਗਾਂ ਜਿਹੜੀਆਂ ਸਰਕਾਰ ਮੰਗ ਤਾਂ ਲਈਆਂ ਹਨ ਪ੍ਰੰਤੂ ਲਾਗੂ ਨਹੀਂ ਕੀਤੀ, ਉਹਨਾਂ ਨੂੰ ਤੁਰੰਤ ਲਾਗੂ ਕੀਤਾ ਜਾਵੇ। ਇਸ ਮੌਕੇ ਡਾਕਟਰ ਘਈ ਵੱਲੋਂ ਸੰਸਥਾ ਦੇ ਡਾਕਟਰ ਸਾਥੀਆਂ ਦਾ ਧੰਨਵਾਦ ਕੀਤਾ ਗਿਆ ਜਿਹਨਾਂ ਨੇ ਵਿਸਾਖੀ ਕੈਂਪ 'ਤੇ ਤਿੰਨੇ ਦਿਨ ਡਿਊਟੀਆਂ ਨਿਭਾਈਆਂ ਸਨ। ਇਸ ਮੌਕੇ ਚੇਅਰਮੈਨ ਜੋਗਿੰਦਰ ਸਿੰਘ ਜਗਾ, ਬਲਾਕ ਮੀਤ ਪ੍ਰਧਾਨ ਭੋਲਾ ਸਿੰਘ ਸ਼ੇਖਪੁਰਾ, ਸੀਨੀਅਰ ਜ਼ਿਲ੍ਹਾ ਮੀਤ ਪ੍ਰਧਾਨ ਨਛੱਤਰ ਸਿੰਘ ਨਥੇਹਾ, ਜ਼ਿਲ੍ਹਾ ਮੀਤ ਪ੍ਰਧਾਨ ਲਛਮਣ ਕੁਮਾਰ ਜਗਾ, ਕੈਸ਼ੀਅਰ ਬਿੱਕਰ ਸਿੰਘ ਸਿੱਧੂ, ਸਟੇਜ ਸਕੱਤਰ ਰੇਸ਼ਮ ਸਿੰਘ ਭਾਗੀਵਾਂਦਰ, ਜੀ ਐੱਸ ਖੋਖਰ, ਮੋਦਨ ਸਿੰਘ ਸੁਖਲੱਧੀ, ਨਾਜਰ ਸਿੰਘ ਸੁਖਲੱਧੀ, ਦਰਸ਼ਨ ਸਿੰਘ ਸੁਖਲੱਧੀ, ਕੇਵਲ ਸਿੰਘ ਸੁਖਲੱਧੀ, ਗੁਲਾਬ ਸਿੰਘ ਫੁੱਲੋਖਾਰੀ, ਬਲਵੰਤ ਸਿੰਘ ਕਣਕਵਾਲ, ਗੱਗੜ ਸਿੰਘ ਗਹਿਲੇਵਾਲਾ, ਰਛਪਾਲ ਸਿੰਘ ਤਲਵੰਡੀ ਸਾਬੋ, ਅਮਨਦੀਪ ਸਿੰਘ ਜੀਵਨ ਸਿੰਘ ਵਾਲਾ, ਗੁਰਦੀਪ ਸਿੰਘ ਜੀਵਨ ਸਿੰਘ ਵਾਲਾ, ਗੁਰਪ੍ਰੀਤ ਸਿੰਘ ਤਲਵੰਡੀ, ਸੁਭਾਸ਼ ਚੰਦਰ ਸੀਂਗੋ, ਭਰਪੂਰ ਸਿੰਘ ਸੀਂਗੋ, ਜਸਵੀਰ ਸਿੰਘ ਕੋਟਬਖਤੂ, ਹਰਵਿੰਦਰ ਸਿੰਘ ਚਹਿਲਾਂਵਾਲੀ, ਕੁਲਵੰਤ ਸਿੰਘ ਧਿੰਗੜ, ਅੰਤਰ ਸਿੰਘ ਮਾਨਵਾਲਾ, ਗੁਰਮੀਤ ਸਿੰਘ ਜਗਾ, ਚਾਨਣ ਰਾਮ ਜਗਾ, ਬਲਵੰਤ ਸਿੰਘ ਤਲਵੰਡੀ, ਜੱਜ ਪ੍ਰੀਤ ਸਿੰਘ ਲਾਲੇਆਣਾ, ਤਰਸੇਮ ਸਿੰਘ ਸ਼ੇਖਪੁਰਾ, ਮਨਜੀਤ ਸਿੰਘ ਧਿੰਗੜ, ਸੁਖਮੰਦਰ ਸਿੰਘ ਬੰਗੀ ਦੀਪਾ, ਗੁਰਮੇਲ ਬਹਿਣੀਵਾਲ, ਲਖਵਿੰਦਰ ਸਿੰਘ ਕੌਰੇਆਣਾ, ਜਰਨੈਲ ਸਿੰਘ ਕੌਰੇਆਣਾ, ਰਾਜਾ ਵੈਦ ਤਲਵੰਡੀ, ਅਮ੍ਰਿਤਪਾਲ ਸਿੰਘ ਤਲਵੰਡੀ, ਬਸੰਤ ਸਿੰਘ ਲੇਲੇਵਾਲਾ, ਅਨਮੋਲਦੀਪ ਸਿੰਘ ਸ਼ੇਖਪੁਰਾ, ਵਿਜੈ ਕੁਮਾਰ ਬਾਘਾ, ਜਰਨੈਲ ਸਿੰਘ ਕੌਰੇਆਣਾ, ਲਖਵਿੰਦਰ ਸਿੰਘ ਕੌਰੇਆਣਾ, ਅਮ੍ਰਿਤਪਾਲ ਸਿੰਘ ਤਲਵੰਡੀ ਸਾਬੋ, ਹਰਪ੍ਰੀਤ ਸਿੰਘ ਕੋਟਭਾਰਾ, ਤਰਸੇਮ ਸਿੰਘ ਸ਼ੇਖਪੁਰਾ, ਗੁਰਪ੍ਰੀਤ ਸਿੰਘ ਤਲਵੰਡੀ, ਕੌਰ ਸਿੰਘ ਭਾਗੀਵਾਂਦਰ, ਦਰਸ਼ਨ ਸਿੰਘ ਰਾਮਾਂ ਮੰਡੀ, ਵਿੱਕੀ ਸੇਠ ਰਾਮਾਂ ਮੰਡੀ, ਸੁਖਵਿੰਦਰ ਸਿੰਘ ਮਾਨ, ਕੁਲਵਿੰਦਰ ਸਿੰਘ ਕੋਟਬਖਤੂ, ਸੁਖਮੰਦਰ ਸਿੰਘ ਬੰਗੀ ਦੀਪਾ, ਸੁਪ੍ਰੀਤ ਸਿੰਘ ਤਲਵੰਡੀ ਆਦਿ ਸਾਥੀਆਂ ਨੇ ਭਾਗ ਲਿਆ।

## ਜਨਤਾ ਮਾਡਰਨ ਸੀਨੀਅਰ ਸੈਕੰਡਰੀ ਸਕੂਲ ਚੌਂਕ ਮਹਿਤਾ ਦਾ ਨਤੀਜਾ ਰਿਹਾ ਸ਼ਾਨਦਾਰ



**ਚੌਂਕ ਮਹਿਤਾ. 7 ਮਈ ( ਬਾਬਾ ਸੁਖਵੰਤ ਸਿੰਘ ਚੰਨਣਕੇ )-**ਇਲਾਕੇ ਦੀ ਨਾਮਵਰ ਵਿਦਿਅਕ ਸੰਸਥਾ ਜਨਤਾ ਮਾਡਰਨ ਸੀਨੀਅਰ ਸੈਕੰਡਰੀ ਸਕੂਲ ਮਹਿਤਾ ਚੌਂਕ ਦਾ ਅੱਠਵੀਂ ਸ਼੍ਰੇਣੀ ਦਾ ਬੋਰਡ ਪ੍ਰੀਖਿਆ ਦਾ ਨਤੀਜਾ ਇਸ ਵਾਰ ਵੀ ਬਹੁਤ ਸ਼ਾਨਦਾਰ ਰਿਹਾ। ਸਕੂਲ ਵਿਦਿਆਰਥਣ ਅਨੀਵੰਤਦੀਪ ਕੌਰ ਅਤੇ ਏਕਮਦੀਪ ਸਿੰਘ ਨੇ 95 ਫੀਸਦੀ ਨੰਬਰ ਪ੍ਰਾਪਤ ਕਰਕੇ ਪਹਿਲਾ ਸਥਾਨ ਹਾਸਲ ਕੀਤਾ।ਇਸੇ ਤਰਾਂ ਗੁਰਪ੍ਰੀਤ ਸਿੰਘ ਨੇ 94 ਫੀਸਦੀ ਅੰਕਾਂ ਨਾਲ ਦੂਸਰਾ ਤੇ ਆਯੂਸ਼ ,ਆਕਾਸ਼ਦੀਪ ਸਿੰਘ, ਕਿਰਨਦੀਪ ਕੌਰ,ਅਨੀਕੇਤਦੀਪ ਸਿੰਘ ਅਤੇ ਕਰਨਜੀਤ ਸਿੰਘ ਨੇ 93 ਫੀਸਦੀ ਅੰਕਾਂ ਨਾਲ ਤੀਸਰਾ ਸਥਾਨ ਹਾਸਲ ਕੀਤਾ। ਸਕੂਲ ਦੇ ਬਾਕੀ ਵਿਦਿਆਰਥੀ ਵੀ 85 ਤੋਂ 90 ਫੀਸਦੀ ਅੰਕ ਹਾਸਲ ਕਰਨ ਵਿੱਚ ਸਫਲ ਰਹੇ। ਸਕੂਲ ਚੇਅਰਮੈਨ ਸ. ਪਰਮਜੀਤ ਸਿੰਘ ਸੰਧੂ ਨੇ ਸ਼ਾਨਦਾਰ ਨਤੀਜੇ ਲਈ ਸਮੂਹ ਵਿਦਿਆਰਥੀਆਂ, ਸਟਾਫ ਅਤੇ ਮਾਪਿਆਂ ਨੂੰ ਵਧਾਈ ਦਿੱਤੀ ।ਸਕੂਲ ਮੈਨੇਜਮੈਂਟ ਵਲੋਂ ਹੋਣਹਾਰ ਵਿਦਿਆਰਥੀਆਂ ਨੂੰ ਉਹਨਾਂ ਦੀ ਇਸ ਉਪਲੱਬਧੀ ਲਈ ਸਨਮਾਨਿਤ ਕਰਦਿਆਂ ਉਜਵਲ ਭਵਿੱਖ ਲਈ ਸ਼ੁੱਭ ਕਾਮਨਾਵਾਂ ਦਿੱਤੀਆਂ ।ਇਸ ਮੌਕੇ ਤੇ ਸਕੂਲ ਡਾਇਰੈਕਟਰ ਸ੍ਰੀਮਤੀ ਸੁਖਬੀਰ ਕੌਰ ਸੰਧੂ, ਡਾਇਰੈਕਟਰ ਡਾ.ਖ਼ੁਸ਼ਪ੍ਰੀਤ ਕੌਰ ਸੰਧੂ, ਡਾ. ਜਸਪ੍ਰੀਤ ਸਿੰਘ ਸੰਧੂ, ਸਕੂਲ ਪ੍ਰਿੰਸੀਪਲ ਮੈਡਮ ਸਤਵਿੰਦਰ ਕੌਰ ਰੰਧਾਵਾ, ਸਮੂਹ ਸਟਾਫ, ਵਿਦਿਆਰਥੀ ਅਤੇ ਉਹਨਾਂ ਦੇ ਮਾਪੇ ਹਾਜ਼ਰ ਸਨ।



## ਜਨਮ ਦਿਨ ਮੁਬਾਰਕ

**ਵੀਰਾਜਵੀਰ ਸਿੰਘ**

ਪਿਤਾ ਬਿਕਰਮਜੀਤ ਸਿੰਘ, ਮਾਤਾ ਜਸਪ੍ਰੀਤ ਕੌਰ

ਪਿੰਡ ਮਹਿਤਾ ਚੌਂਕ, ਜ਼ਿਲ੍ਹਾ ਅੰਮ੍ਰਿਤਸਰ

ਆਵਾਜ਼ਿ ਕੌਮ AWAZE QAUM International Newspaper & WEB TV

ਅੱਜ ਵਿਸ਼ਵ ਰੈੱਡਕਰਾਸ ਦਿਵਸ 'ਤੇ ਵਿਸ਼ੇਸ਼

# ਭਾਈ ਕਨੱਈਆ ਦੀ ਨਿਸ਼ਕਾਮ ਮਨੁੱਖੀ ਸੇਵਾ

ਭਾਈ ਕਨੱਈਆ ਰਾਮ ਜੀ- ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ ਅਨਿੰਨ ਸੇਵਕ ਅਤੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰੋਂ-ਘਰੋਂ ਵਰੋਸਾਏ ਭਾਈ ਕਨੱਈਆ ਰਾਮ ਜੀ 1702-04 ਈ: ਦੌਰਾਨ ਖ਼ਾਲਸੇ ਦੀ ਜਨਮ-ਭੂਮੀ ਸ਼੍ਰੀ ਅਨੰਦਪੁਰ ਸਾਹਿਬ ਵਿਖੇ ਜਬਰ, ਜ਼ੁਲਮ ਦੇ ਖ਼ਾਤਮੇ ਅਤੇ ਗ਼ਰੀਬਾਂ, ਮਜ਼ਲੂਮਾਂ ਦੀ ਰੱਖਿਆ ਲਈ ਹੋ ਰਹੇ ਧਰਮ ਯੁੱਧ ਵਿੱਚ ਚਮੜੇ ਦੀ ਮਸ਼ਕ ਪਾਣੀ ਦੀ ਭਰ ਕੇ, ਲੜਾਈ ਵਿੱਚ, ਚੱਲਦੀਆਂ ਤੋਪਾਂ ਵਿੱਚ, ਗੋਲੀਆਂ ਦੇ ਵਰ੍ਹਦੇ ਮੀਂਹ ਵਿੱਚ, ਤੀਰਾਂ ਦੀ ਬੁਛਾੜ ਵਿੱਚ ਜਿੱਥੇ ਕੋਈ ਪਾਣੀ ਮੰਗਦਾ, ਪਹੁੰਚ ਕੇ ਪਾਣੀ ਪਿਆਉਂਦਾ ਹੈ। ਉਹ ਜ਼ਖ਼ਮੀ ਹੋਏ ਦੁਸ਼ਮਣਾਂ ਦੇ ਸੈਨਿਕਾਂ ਨੂੰ ਵੀ ਪਾਣੀ ਪਿਆ ਕੇ ਮੁੜ ਜੀਵਿਤ ਕਰ ਰਿਹਾ ਹੈ। ਕੀ ਇਹ (ਕਨੱਈਆ ਰਾਮ) ਦੁਸ਼ਮਣ ਦੇ ਸੈਨਿਕਾਂ ਨਾਲ ਰਲਿਆ ਹੋਇਆ ਹੈ।ਇਹ ਕਹਿ ਕੇ ਕੁਝ ਸਿੰਘਾਂ ਨੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਕੋਲ ਸ਼ਿਕਾਇਤ ਕੀਤੀ ਕਿ ਅਸੀਂ ਤਾਂ ਮੈਦਾਨੇ ਜੰਗ ਵਿੱਚ ਦੁਸ਼ਮਣ ਨੂੰ ਮੁਸ਼ਕਲ ਨਾਲ ਡੇਗਦੇ ਹਾਂ ਪਰ ਇਕ ਮਾਸਕੀ ਸਿੱਖ ਉਹਨਾਂ ਨੂੰ ਪਾਣੀ ਪਿਆ ਕੇ ਜਿਊਂਦਾ ਕਰ ਦਿੰਦਾ ਹੈ, ਭਾਵ ਨਵਾਂ-ਨਰੋਆ ਕਰ ਦਿੰਦਾ ਹੈ। ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਕਨੱਈਆ ਰਾਮ ਨੂੰ ਸੱਦ ਲਿਆ। ਉਹ ਹੱਥ ਜੋੜ ਕੇ ਗੁਰੂ ਜੀ ਦੇ ਸਾਹਮਣੇ ਖੜ੍ਹਾ ਸੀ। ਸਿੰਘ ਵੀ ਆਲੇ-ਦੁਆਲੇ ਹੋ ਗਏ। ਸਭ ਲੋਕ ਸੋਚ ਰਹੇ ਸਨ ਕਿ ਦੇਖੀਏ ਹੁਣ ਮਾਸ਼ਕੀ ਨੂੰ ਕੀ ਸਜ਼ਾ ਮਿਲਦੀ ਹੈ। ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬੜੀ ਉਤਸੁਕਤਾ ਨਾਲ ਪੁੱਛਿਆ, "ਭਾਈ ਕਨੱਈਆ ਰਾਮ ! ਸਾਰੇ ਸਿੰਘ ਸ਼ਿਕਾਇਤ ਕਰਦੇ ਹਨ ਕਿ ਤੁਸੀਂ ਵੈਰੀਆਂ ਨੂੰ ਪਾਣੀ ਪਿਆ ਕੇ ਮੁੜ ਜੀਵਿਤ ਕਰ ਦਿੰਦੇ ਹੋ।" ਭਾਈ ਕਨੱਈਆ ਰਾਮ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਤੇ ਡਿੱਗ ਪਿਆ ਤੇ ਆਖਿਆ, "ਸੱਚੇ ਪਾਤਸ਼ਾਹ ! ਮੈਂ ਕਿਸੇ ਵੈਰੀ ਨੂੰ ਪਾਣੀ ਨਹੀਂ ਪਿਆਇਆ।" ਗੁਰੂ ਜੀ ਨੇ ਕਿਹਾ, "ਹੋਰ ਕਿਸ ਨੂੰ ਪਾਣੀ ਪਿਆਉਂਦਾ ਸੈਂ।" ਕੀ ਤੁਸੀਂ ਤੁਰਕ, ਪਹਾੜੀਏ, ਸਿੱਖ ਨੂੰ ਪਾਣੀ ਨਹੀਂ ਪਿਆਇਆ। ਭਾਈ ਕਨੱਈਆ ਰਾਮ ਜੀ ਦਾ ਜਵਾਬ ਨਾਂਹ ਵਿੱਚ ਸੀ। ਜਵਾਬ ਸੁਣ-ਸੁਣ ਕੇ ਸੰਗਤਾਂ ਹੈਰਾਨ ਹੋ ਰਹੀਆਂ ਸਨ। ਗੁਰੂ ਜੀ ਕਹਿਣ ਲੱਗੇ, "ਜੇ ਤੁਸੀਂ ਤੁਰਕ, ਪਹਾੜੀਏ, ਸਿੱਖ ਨੂੰ ਪਾਣੀ ਨਹੀਂ ਪਿਆਇਆ ਤਾਂ ਫਿਰ ਕਿਸ ਨੂੰ ਪਿਆਉਂਦਾ ਸੈਂ।" ਭਾਈ ਕਨੱਈਆ ਰਾਮ ਕਹਿਣ ਲੱਗਾ, "ਮੈਨੂੰ ਤਾਂ ਹਰ ਇੱਕ ਵਿੱਚ ਆਪ ਦਾ ਹੀ ਰੂਪ ਨਜ਼ਰ ਆਉਂਦਾ ਹੈ। ਮੈਥੋਂ ਤਾਂ ਤੁਸੀਂ ਆਪ ਪਾਣੀ ਮੰਗਦੇ ਹੋ। ਮੈਨੂੰ ਤੁਹਾਡੇ ਬਗ਼ੈਰ ਕੋਈ ਨਜ਼ਰ ਨਹੀਂ ਆਉਂਦਾ ਹੈ। ਮੈਂ ਤਾਂ ਆਪ ਜੀ ਨੂੰ ਹੀ ਪਾਣੀ ਪਿਆਉਂਦਾ ਹਾਂ।



**ਤੈਨੂੰ ਪਿਆ ਪਿਲਾਵਾਂ ਪਾਣੀ ਸਿਰ ਮੇਰੇ ਦੇ ਸਾਈਂ।**
**ਤੁਰਕ ਅਤੁਰਕ ਨ ਦਿਸਦਾ ਮੈਨੂੰ ਤੂੰ ਸਾਰੇ ਦਿਸ ਆਈਂ।**

ਭਾਈ ਕਨੱਈਆ ਰਾਮ ਜੀ ਦੇ ਬਚਨ ਸੁਣ ਕੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਬੜੇ ਪ੍ਰਸੰਨ ਹੋਏ। ਗੁਰੂ ਸਾਹਿਬ ਆਪਣੇ ਆਸਣ ਤੋਂ ਉੱਠੇ ਤੇ ਭਾਈ ਕਨੱਈਆ ਰਾਮ ਨੂੰ ਗਲ (ਛਾਤੀ) ਨਾਲ ਲਾ ਲਿਆ, ਭਾਈ ਜੀ ਦਾ ਮੱਥਾ ਚੁੰਮਿਆ ਤੇ ਪ੍ਰਸੰਨ ਹੋ ਕੇ ਬੋਲੇ, ਤੇਰੀ ਕਮਾਈ ਧੰਨ ਹੈ, ਤੁਸੀਂ ਸਿੱਖੀ ਨੂੰ ਸਮਝਿਆ ਹੈ। ਭਾਈ ਕਨੱਈਆ ਰਾਮ ਜੀ ਨੂੰ ਮਲ੍ਹਮ-ਪੱਟੀ ਦਾ ਡੱਬਾ ਫੜਾ ਕੇ ਕਿਹਾ ਕਿ ਜਿੱਥੇ ਤੁਸੀਂ ਪਿਆਸਿਆਂ ਨੂੰ ਜਲ ਛਕਾ ਕੇ ਉਹਨਾਂ ਦੀ ਪਿਆਸ ਦੂਰ ਕਰਦੇ ਹੋ, ਹੁਣ ਉਹਨਾਂ ਦੇ ਜ਼ਖ਼ਮਾਂ ਤੇ ਮਲ੍ਹਮ-ਪੱਟੀ ਕਰਕੇ ਉਹਨਾਂ ਦਾ ਦਰਦ ਵੀ ਦੂਰ ਕਰਿਆ ਕਰੋ।

**ਹੱਸੇ ਤੇ ਗਲ ਲਾਇਆ ਪਿਆਰਾ ਡਬੀ ਹੱਥ ਫੜਾਈ।**
**ਪਾਣੀ ਨਾਲ ਮਲ੍ਹਮ ਵੀ ਰਖੀਂ ਲੋੜ ਪਈ ਤੇ ਲਾਈਂ।**
**(ਸ਼੍ਰੀ ਸੰਤ ਰਤਨ ਮਾਲ੍ਹਾ)**

ਗੁਰੂ ਗੋਬਿੰਦ ਸਿੰਘ ਜੀ, ਭਾਈ ਕਨੱਈਆ ਰਾਮ ਜੀ ਦੀ ਘਾਲ-ਕਮਾਈ ਤੇ ਪ੍ਰਸੰਨ ਹੋ ਕੇ ਆਪਣਾ ਦਸਤੀ ਰੁਮਾਲ ਵੀ ਬਖ਼ਿਸ਼ਸ਼ ਕਰਕੇ ਕਿਹਾ ਕਿ ਇਸ ਨਾਲ ਜ਼ਖ਼ਮੀਆਂ ਦਾ ਮੂੰਹ ਵੀ ਸਾਫ਼ ਕਰ ਦਿਆ ਕਰਨਾ। ਭਾਈ ਕਨੱਈਆ ਰਾਮ ਜੀ ਨੂੰ ਸਾਰੇ ਸਾਧੂ ਜਾਣਨ ਲੱਗ ਪਏ। ਉਹ ਜਿੱਥੋਂ ਲੰਘਦੇ, ਲੋਕ ਨਮਸਕਾਰ ਕਰਦੇ। ਸ਼੍ਰੀ ਸੰਤ ਰਤਨ ਮਾਲ੍ਹਾ ਵਿੱਚ ਇਸ ਤਰ੍ਹਾਂ ਲਿਖਿਆ ਹੈ। "ਭਾਈ ਕਨੱਈਆ ਜੀ ਸਿੰਘਾਂ ਤੇ ਤੁਰਕਾਂ ਬੀਚ ਵੀ ਵਿਚਰਦੇ। ਕੋਈ ਇਸ ਕੋ ਅਟਕਾਵੈ ਨਾਹੀ। ਨਿਸੰਗ ਹੀ ਫਿਰੇ। ਇਕ ਸਮਾਨ ਸਭੀ ਕੋ ਜਾਨ ਕੇ ਸੇਵਾ ਬੜੇ ਪ੍ਰੇਮ ਸੇ ਕਰਹਿ। ਅਰ ਸਾਧੂ ਜਾਣ ਕੇ ਸਭੀ ਨਮਸਕਾਰ ਕਰੈ, ਕੋਈ ਇਸ ਕੋ ਦੁਖਾਵੈ ਨਾਹੀ।"

ਭਾਈ ਕਨੱਈਆ ਰਾਮ ਜੀ ਤੋਂ ਉਤਸ਼ਾਹਤ ਹੋ ਕੇ ਕਈ ਹੋਰ ਸਿੱਖ ਵੀ ਮੈਦਾਨੇ ਜੰਗ ਵਿੱਚ ਜਲ ਦੀ ਸੇਵਾ ਤੇ ਮਲ੍ਹਮ-ਪੱਟੀ ਦੀ ਸੇਵਾ ਕਰਦੇ। ਭਾਈ ਕਨੱਈਆ ਰਾਮ ਜੀ ਵੱਲੋਂ ਜੰਗੇ ਮੈਦਾਨ ਵਿੱਚ ਕੀਤੀ ਸੇਵਾ ਦਾ ਸੰਕਲਪ ਹੀ ਰੈੱਡਕਰਾਸ ਦੀ ਰੂਹ ਬਣਿਆ। ਭਾਈ ਕਨੱਈਆ ਰਾਮ ਜੀ ਤੋਂ ਪ੍ਰਚਲਿਤ 'ਸੇਵਾਪੰਥੀ' ਸੰਪਰਦਾਇ ਹੋਂਦ ਵਿੱਚ ਆਈ, ਜਿਸ ਦੇ ਪੰਜਾਬ, ਹਰਿਆਣਾ, ਹਿਮਾਚਲ, ਦਿੱਲੀ ਵਿੱਚ 42 ਗੁਰਦੁਆਰੇ/ਡੇਰੇ/ਟਿਕਾਣੇ ਹਨ। ਭਾਈ ਕਨੱਈਆ ਰਾਮ ਜੀ ਦੀ ਜਨਮ ਤਾਰੀਖ਼ ਦਾ ਪਤਾ ਨਾ ਹੋਣ ਕਰਕੇ ਰੈੱਡਕਰਾਸ ਦੇ ਸੰਕਲਪ ਨੂੰ ਜਨੇਵਾ ਸ਼ਹਿਰ ਦੇ ਹੈਨਰੀ ਡਿਊਨਾਂ ਦੇ ਜਨਮ-ਦਿਨ 8 ਮਈ ਨਾਲ ਜੋੜਿਆ ਗਿਆ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

**ਹੈਨਰੀ ਡਿਊਨਾਂ:-** ਹੈਨਰੀ ਡਿਊਨਾਂ ਦਾ ਜਨਮ 8 ਮਈ 1828 ਈ: ਨੂੰ ਸਵਿਟਜ਼ਰਲੈਂਡ ਦੇਸ਼ ਦੀ ਰਾਜਧਾਨੀ ਜਨੇਵਾ ਵਿੱਚ ਇੱਕ ਉੱਚ ਘਰਾਣੇ ਵਿੱਚ ਹੋਇਆ। ਬਚਪਨ ਵਿੱਚ ਜਿੰਨੀ ਵਿੱਦਿਆ ਪ੍ਰਾਪਤ ਹੋ ਸਕਦੀ ਸੀ, ਪ੍ਰਾਪਤ ਕੀਤੀ। ਡਿਊਨਾਂ ਦਾ ਪਿਤਾ ਜ਼ੀਨ ਜੈਕ ਡਿਊਨਾਂ ਇੱਕ ਸਫਲ ਵਪਾਰੀ ਸੀ। 1853 ਤੋਂ 1858 ਤੱਕ ਉਸ ਨੇ ਇੱਕ ਕੰਪਨੀ ਵਿੱਚ ਨੌਕਰੀ ਕੀਤੀ, ਉਪਰੰਤ ਨੌਕਰੀ ਛੱਡ ਕੇ 31 ਸਾਲ ਦੀ ਉਮਰ ਵਿੱਚ ਆਟਾ ਪੀਸਣ ਦੇ ਕਾਰਖਾਨੇ ਲਾਉਣ ਲਈ ਆਪਣੇ ਮਿੱਤਰਾਂ ਕੋਲੋਂ ਭਾਰੀ ਰਕਮਾਂ ਲੈ ਕੇ ਇੱਕ ਸੁਸਾਇਟੀ ਬਣਾਈ। ਆਟਾ ਪੀਸਣ ਦੇ ਕਾਰਖਾਨੇ ਉਸ ਨੇ ਫਰਾਂਸ ਦੇਸ਼ ਦੇ ਅਧੀਨ ਇਲਾਕੇ ਅਲਜੀਰੀਆ ਵਿੱਚ ਲਾਉਣੇ ਸਨ ਕਿਉਂਕਿ ਉਸ ਇਲਾਕੇ ਵਿੱਚ ਪਾਣੀ ਦੀਆਂ ਆਬਸ਼ਾਰਾਂ ਡਿੱਗਦੀਆਂ ਸਨ। ਉਹਨਾਂ ਆਬਸ਼ਾਰਾਂ ਵਿੱਚੋਂ ਡਿੱਗਣ ਵਾਲੇ ਪਾਣੀ ਦੀ ਸ਼ਕਤੀ ਨਾਲ ਕਾਰਖਾਨੇ ਚੱਲਣੇ ਸਨ। ਇਸ ਕੰਮ ਲਈ ਡਿਊਨਾਂ ਨੂੰ ਫਰਾਂਸ ਦੇ ਬਾਦਸ਼ਾਹ ਕੋਲੋਂ ਆਗਿਆ ਲੈਣ ਦੀ ਲੋੜ ਸੀ।

24 ਜੂਨ 1859 ਈ: ਨੂੰ ਇਟਲੀ ਤੇ ਆਸਟਰੀਆ ਦੋ ਦੇਸ਼ਾਂ ਵਿੱਚ ਸਲਫ਼ਰੀਨੋ ਨਾਂ ਵਾਲੀ ਥਾਂ ਤੇ ਜੰਗ ਹੋ ਰਹੀ ਸੀ। ਜਿਸ ਵਿੱਚ ਇੱਕ ਪਾਸੇ ਇਟਲੀ ਤੇ ਫਰਾਂਸ ਅਤੇ ਦੂਜੇ ਪਾਸੇ ਆਸਟਰੀਆ ਤੇ ਪਰਸ਼ੀਆ ਦੀਆਂ ਫੌਜਾਂ ਸਨ। ਹੈਨਰੀ ਡਿਊਨਾਂ 23 ਜੂਨ ਦੀ ਰਾਤ ਨੂੰ ਯੁੱਧ ਦੇ ਮੈਦਾਨ ਦੇ ਨੇੜੇ ਠਹਿਰਿਆ ਹੋਇਆ ਸੀ, ਪਰ ਉਸ ਨੂੰ ਬਾਦਸ਼ਾਹ ਨਾਲ ਮੁਲਾਕਾਤ ਕਰਨ ਲਈ 15 ਘੰਟੇ ਉਡੀਕ ਕਰਨੀ ਪਈ। ਜੰਗ ਦੇ ਮੈਦਾਨ ਵਿੱਚ ਦੋਵਾਂ ਪਾਸਿਆਂ ਤੋਂ ਹਜ਼ਾਰਾਂ ਸਿਪਾਹੀ ਜ਼ਖ਼ਮੀ ਹੋ ਗਏ ਸਨ, ਜੋ ਚੱਲ ਫਿਰ ਨਹੀਂ ਸਨ ਸਕਦੇ। ਮੈਦਾਨ ਵਿੱਚ ਹੀ ਪਏ ਤੜਪ ਰਹੇ ਸਨ। ਉਹਨਾਂ ਨੂੰ ਦੇਖ ਕੇ ਹੈਨਰੀ ਡਿਊਨਾਂ ਦਾ ਦਿਲ ਤੜਪ ਉੱਠਿਆ। ਉਸ ਨੇ ਨਾਲ ਦੇ ਪਿੰਡ ਦੇ ਲੋਕਾਂ ਦੀ ਸਹਾਇਤਾ ਨਾਲ ਫੱਟੜ ਸੈਨਿਕਾਂ ਨੂੰ ਨੇੜੇ ਦੇ ਹਸਪਤਾਲਾਂ, ਸਕੂਲਾਂ ਅਤੇ ਗਿਰਜਾ ਘਰਾਂ ਵਿੱਚ ਰੱਖ ਕੇ ਉਹਨਾਂ ਦੀ ਕਾਫ਼ੀ ਸਮਾਂ ਸੇਵਾ-ਸੰਭਾਲ ਕੀਤੀ। ਹੈਨਰੀ ਡਿਊਨਾਂ ਨੇ ਆਪਣੇ ਸਹਿਯੋਗੀਆਂ ਤੋਂ ਇਹ ਪ੍ਰਣ ਲਿਆ ਸੀ ਕਿ ਉਹ ਫੱਟੜਾਂ ਦੀ ਸੇਵਾ-ਸੰਭਾਲ ਕਰਦੇ ਸਮੇਂ ਕੌਮਾਂ ਦਾ ਭਿੰਨ-ਭੇਦ ਨਹੀਂ ਕਰਨਗੇ।

ਹੈਨਰੀ ਡਿਊਨਾਂ ਨੇ ਜ਼ਖ਼ਮੀਆਂ ਦੀ ਸੇਵਾ-ਸੰਭਾਲ ਕਰਦਿਆਂ ਇਹ ਸੋਚਿਆ ਕਿ ਸਾਰੀ ਦੁਨੀਆਂ ਵਿੱਚ ਇੱਕ ਅਜਿਹੀ ਸਮਾਜਿਕ ਜਥੇਬੰਦੀ ਬਣੇ ਜਿਸ ਦੀਆਂ ਦੁਨੀਆਂ ਦੇ ਹਰ ਸ਼ਹਿਰ ਵਿੱਚ ਥਾਂ-ਥਾਂ ਸ਼ਾਖਾਵਾਂ ਹੋਣ ਤੇ ਉਸ ਜਥੇਬੰਦੀ ਦੇ ਮੈਂਬਰ ਇਸ ਕਾਰਜ ਨੂੰ ਮਨੁੱਖੀ ਹਮਦਰਦੀ ਦੇ ਨਾਂ ਤੇ ਕਰਨ। 31 ਸਾਲ ਦੀ ਉਮਰ ਵਿੱਚ ਡਿਊਨਾਂ ਨੇ ਜ਼ਖ਼ਮੀ ਸਿਪਾਹੀਆਂ ਦੀ ਹਾਲਤ ਦੇ ਸੁਧਾਰ ਲਈ ਆਪਣਾ ਜੀਵਨ ਅਰਪਣ ਕਰ ਦਿੱਤਾ। ਉਸ ਦੇ ਪਿੱਛੋਂ ਉਹ ਆਪਣੇ ਘਰ ਵੱਲ ਨਹੀਂ ਮੁੜਿਆ। ਉਹ ਸਰਬ-ਸਾਂਝੀ ਰੈੱਡਕਰਾਸ ਦੀ ਸਥਾਪਨਾ ਦੇ ਕੰਮ ਵਿੱਚ ਜੁੱਟ ਗਿਆ। ਉਸ ਨੇ ਇੱਕ ਪੁਸਤਕ 'ਸਲਫਰੀਨੋ ਦੀ ਯਾਦ' ਵੀ ਲਿਖੀ। ਹੈਨਰੀ ਡਿਊਨਾਂ ਦੀ ਪੁਸਤਕ ਨੂੰ ਪੜ੍ਹ ਕੇ ਸਵਿਟਜ਼ਰਲੈਂਡ ਦੇ ਲੋਕ ਉਸ ਨਾਲ ਆ ਜੁੜੇ। 1863 ਵਿੱਚ ਰੈੱਡਕਰਾਸ ਲਹਿਰ ਦਾ ਜਨਮ ਹੋਇਆ। 1867 ਵਿੱਚ ਡਿਊਨਾਂ ਨੇ ਰੈੱਡਕਰਾਸ ਦੀ ਕੌਮਾਂਤਰੀ ਕਮੇਟੀ ਦੇ ਸਕੱਤਰ ਵਜੋਂ ਅਸਤੀਫਾ ਦੇ ਦਿੱਤਾ, ਜੋ ਪ੍ਰਵਾਨ ਕਰ ਲਿਆ ਗਿਆ। 1901 ਵਿੱਚ ਹੈਨਰੀ ਡਿਊਨਾਂ ਨੂੰ ਨਾਰਵੇ ਦੀ ਸਰਕਾਰ ਦੁਆਰਾ ਪਹਿਲਾ 'ਨੋਬਲ ਪੁਰਸਕਾਰ' ਦਿੱਤਾ ਗਿਆ, ਪਰ ਉਸ ਨੇ ਇਨਾਮ ਦੀ ਸਾਰੀ ਰਾਸ਼ੀ ਤੇ ਸੁਗਾਤਾਂ ਦੀ ਰਕਮ ਦੁਖੀਆਂ ਤੇ ਜ਼ਖ਼ਮੀਆਂ ਦੀ ਸੇਵਾ ਲਈ ਖ਼ਰਚਣ ਦੀ ਵਸੀਅਤ ਕਰਾ ਦਿੱਤੀ।



49 ਸਾਲ ਉਹ ਦੁਨੀਆਂ ਦੇ ਸਾਰੇ ਦੇਸ਼ਾਂ ਵਿੱਚ ਆਪਣੇ ਖ਼ਿਆਲ ਦੇ ਪ੍ਰਚਾਰ ਲਈ ਫਿਰਦਾ ਰਿਹਾ। 80 ਸਾਲ ਦੀ ਉਮਰ ਵਿੱਚ ਸੰਨ 1908 ਈ: ਨੂੰ ਜਦ ਹੈਨਰੀ ਡਿਊਨਾਂ ਆਪਣੇ ਜਨਮ ਦੇ ਸ਼ਹਿਰ ਜਨੇਵਾ ਪਹੁੰਚਿਆ ਤਾਂ ਉਸ ਨੇ ਪੁਰਾਣੇ ਘਸੇ ਹੋਏ ਮਾਮੂਲੀ ਕੱਪੜੇ ਪਹਿਨੇ ਹੋਏ ਸਨ।ਉਸ ਦੇ ਚਿਹਰੇ 'ਤੇ ਭਰਵੀ ਲੰਮੀ ਦਾਹੜੀ ਆਈ ਹੋਈ ਸੀ। 30 ਅਕਤੂਬਰ 1910 ਈ: ਨੂੰ 82 ਸਾਲ ਦੀ ਉਮਰ ਵਿੱਚ ਹੈਨਰੀ ਡਿਊਨਾਂ ਦਾ ਹੇਡਨ ਹਸਪਤਾਲ ਵਿੱਚ ਦਿਹਾਂਤ ਹੋ ਗਿਆ। ਅੱਜ-ਕੱਲ੍ਹ ਜੰਗ ਯੁੱਧ ਦੇ ਸਮੇਂ ਹੁਣ ਰਣ-ਖੇਤਰ ਵਿੱਚ ਵੱਖ-ਵੱਖ ਸੁਸਾਇਟੀਆਂ ਜ਼ਖ਼ਮੀ ਲੋਕਾਂ ਦੀ ਮਲ੍ਹਮ-ਪੱਟੀ ਕਰਦੀਆਂ ਹਨ ਤੇ ਹੋਰ ਡਾਕਟਰੀ ਸਹਾਇਤਾ ਦਿੰਦੀਆਂ ਹਨ। ਜਿਨ੍ਹਾਂ ਨੂੰ ਰੈੱਡਕਰਾਸ ਦਾ ਨਾਂਅ ਦਿੱਤਾ ਜਾਂਦਾ ਹੈ ਕਿਉਂਕਿ ਲਾਲ ਰੰਗ ਵਿੱਚ ਜਮ੍ਹਾਂ (+) ਦੇ ਨਿਸ਼ਾਨ ਨੂੰ ਅਪਣਾ ਕੇ ਦੇਸ਼ ਨੇ ਇਸ ਨੂੰ ਅੰਤਰਰਾਸ਼ਟਰੀ ਪੱਧਰ ਦੀ ਮਾਨਤਾ ਦਿੱਤੀ ਹੋਈ ਹੈ। ਕੁਝ ਲੇਖਕਾਂ, ਵਿਦਵਾਨਾਂ ਦਾ ਕਹਿਣਾ ਹੈ ਕਿ ਰੈੱਡਕਰਾਸ ਦਾ ਬਾਨੀ ਹੈਨਰੀ ਡਿਊਨਾਂ ਹੈ ਜਦ ਕਿ ਸੇਵਾ ਦੇ ਪੁੰਜ ਭਾਈ ਕਨੱਈਆ ਰਾਮ ਜੀ ਨੇ 155 ਸਾਲ ਪਹਿਲਾਂ (1704) ਵਿੱਚ ਹੀ ਰੈੱਡਕਰਾਸ ਦਾ ਨੀਂਹ-ਪੱਥਰ ਰੱਖ ਦਿੱਤਾ ਸੀ। ਰੈੱਡਕਰਾਸ ਦਾ ਅਸਲੀ ਬਾਨੀ ਭਾਈ ਕਨੱਈਆ ਰਾਮ ਹੀ ਹੈ। ਉਹਨਾਂ ਨੇ 18ਵੀਂ ਸਦੀ ਦੇ ਸ਼ੁਰੂ ਵਿੱਚ ਇਹ ਸੇਵਾ ਕਰ ਵਿਖਾਈ ਜਿਸ ਦੀ ਲੋੜ ਸੰਸਾਰ ਦੇ ਕਈ ਦੇਸ਼ਾਂ ਨੇ ਮਿਲ ਕੇ 19ਵੀਂ ਸਦੀ ਦੇ ਅੱਧ ਵਿੱਚ ਮਹਿਸੂਸ ਕੀਤੀ। ਪ੍ਰੋ: ਪ੍ਰਕਾਸ਼ ਸਿੰਘ ਅਨੁਸਾਰ ਸੰਸਾਰ ਦੇ ਇਤਿਹਾਸ ਵਿੱਚ ਸ਼ਾਇਦ ਕੁਝ ਅਜਿਹੇ ਵਿਅਕਤੀ ਲੱਭ ਪੈਣ ਜਿਨ੍ਹਾਂ ਨੇ ਜੰਗ ਦੇ ਸਮੇਂ ਫੱਟੜਾਂ, ਰੋਗੀਆਂ ਤੇ ਲੋੜਵੰਦਾਂ ਦੀ ਤਨੋਂ ਮਨੋਂ ਸੇਵਾ ਕੀਤੀ ਹੋਵੇ ਜਿਵੇਂ ਕਿ ਫਲੋਰੈਂਸ ਨਾਈਟਿੰਗੇਲ (1820-1910) ਜੋ ਕ੍ਰਿਸ਼ਚੀਅਨ ਹਸਪਤਾਲ ਦੀ ਨਰਸ ਸੀ ਪਰ ਭਾਈ ਕਨੱਈਆ ਜੀ ਵਰਗੀ ਸਮਦ੍ਰਿਸ਼ਟੀ ਨਾਲ ਨਿਰਪੱਖ, ਨਿਸ਼ਕਪਟ ਤੇ ਨਿਰਛਲ ਸੇਵਾ ਕਿਸੇ ਨੇ ਨਹੀਂ ਕੀਤੀ। ਭਾਈ ਕਨੱਈਆ ਜੀ ਨੇ ਇਹ ਬੇਮਿਸਾਲ ਸੇਵਾ ਉਦੋਂ ਕਰ ਵਿਖਾਈ ਜਦੋਂ ਸੰਸਾਰ ਵਿੱਚ ਇਸ ਪੱਖੋਂ ਅਜੇ ਜਾਗ੍ਰਿਤੀ ਨਹੀਂ ਸੀ ਆਈ। ਅੱਜ ਜੰਗੀ ਸ਼ਹੀਦਾਂ, ਕੈਦੀਆਂ, ਜ਼ਖ਼ਮੀਆਂ, ਕੁਦਰਤੀ ਤੇ ਗੈਰ ਕੁਦਰਤੀ ਆਫ਼ਤਾਂ ਦੀ ਮਾਰ ਹੇਠ ਆਏ ਲੋਕਾਂ ਦੀ ਸੇਵਾ ਸੰਭਾਲ ਰੈੱਡਕਰਾਸ ਹੀ ਕਰਦੀ ਹੈ। ਸੋ ਅੱਜ ਲੋੜ ਹੈ ਸਮੁੱਚੇ ਸੰਸਾਰ ਵਿੱਚ ਭਾਈ ਕਨੱਈਆ ਰਾਮ ਤੇ ਹੈਨਰੀ ਡਿਊਨਾਂ ਦੇ ਪਦ-ਚਿੰਨ੍ਹਾਂ ਤੇ ਚੱਲਦੇ ਹੋਏ ਭਾਈ ਕਨੱਈਆ ਸੇਵਾ ਸੁਸਾਇਟੀਆਂ, ਭਾਈ ਕਨੱਈਆ ਸੇਵਾ ਮਿਸ਼ਨ, ਰੈੱਡਕਰਾਸ ਸੰਸਥਾਵਾਂ ਤੇ ਹੋਰ ਸਮਾਜ-ਸੇਵੀ ਸੰਸਥਾਵਾਂ ਨੂੰ ਬਿਨਾਂ ਕਿਸੇ ਭੇਦ-ਭਾਵ ਦੇ ਮਰੀਜ਼ਾਂ ਤੇ ਲੋੜਵੰਦਾਂ ਦੀ ਸੇਵਾ ਕਰਨ ਦੀ।

**-ਕਰਨੈਲ ਸਿੰਘ ਐੱਮ.ਏ. ਲੁਧਿਆਣਾ**
**#1138/63-ਏ, ਗੁਰੂ ਤੇਗ਼ ਬਹਾਦਰ ਨਗਰ,**
**ਗਲੀ ਨੰਬਰ-1, ਚੰਡੀਗੜ੍ਹ ਰੋਡ, ਜਮਾਲਪੁਰ, ਲੁਧਿਆਣਾ**

## ਦਸ਼ਮੇਸ਼ ਹੈਰੀਟੇਜ ਪਬਲਿਕ ਸਕੂਲ, ਮਹਿਤਾ ਚੌਂਕ ਦਾ ਦਸਵੀ ਜਮਾਤ ਦਾ ਨਤੀਜਾ ਰਿਹਾ ਸ਼ਾਨਦਾਰ



**ਚੌਂਕ ਮਹਿਤਾ, 7 ਮਈ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਇਲਾਕੇ ਦੀ ਮੰਨੀ ਪ੍ਰਮੰਨੀ ਮਾਨਤਾ ਪ੍ਰਾਪਤ ICSE ਬੋਰਡ ਸੰਸਥਾ ਦਸ਼ਮੇਸ਼ ਹੈਰੀਟੇਜ ਪਬਲਿਕ ਸਕੂਲ, ਮਹਿਤਾ ਚੌਂਕ ਦਾ ਦਸਵੀਂ ਦਾ ਨਤੀਜਾ ਸ਼ਾਨਦਾਰ ਰਿਹਾ। ਕੁੱਲ 32 ਬੱਚਿਆਂ ਨੇ ਦਸਵੀਂ ਦੀ ਪ੍ਰੀਖਿਆ ਦਿੱਤੀ। ਜਿਸ ਵਿੱਚੋਂ ਅਮੀਤੋਜ ਸਿੰਘ ਨੇ 93.8% ਅੰਕ ਲੈ ਕੇ ਸਕੂਲ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ ਤੇ ਗੁਰਲੀਨ ਕੌਰ ਨੇ 90.4% ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਹਾਸਿਲ ਕੀਤਾ ਅਤੇ ਅਨਮੋਲਪ੍ਰੀਤ ਸਿੰਘ 86.2% ਅੰਕ ਪ੍ਰਾਪਤ ਕਰਕੇ ਤੀਸਰੇ ਸਥਾਨ ਤੇ ਰਿਹਾ । ਸਕੂਲ ਦੇ ਚੇਅਰਮੈਨ ਪ੍ਰਿੰਸੀਪਲ ਸ. ਗੁਰਦੀਪ ਸਿੰਘ ਰੰਧਾਵਾ ਨੇ ਇਸ ਮੌਕੇ ਬੱਚਿਆਂ ਦਾ ਮੂੰਹ ਮਿੱਠਾ ਕਰਾ ਕੇ ਆਸ਼ੀਰਵਾਦ ਦਿੱਤਾ । ਸੰਸਥਾ ਦੇ ਡਾਇਰੈਕਟਰ ਸ. ਮਨਪ੍ਰੀਤ ਸਿੰਘ ਟੱਕਰ ਨੇ ਦੱਸਿਆ ਕਿ ਸਕੂਲ ਦਾ ਨਤੀਜਾ ਹਰ ਸਾਲ ਦੀ ਤਰ੍ਹਾਂ 100% ਰਿਹਾ ਅਤੇ ਇਸ ਸ਼ਾਨਦਾਰ ਉਪਲਬਧੀ ਲਈ ਉਹਨਾਂ ਨੇ ਬੱਚਿਆਂ , ਉਹਨਾਂ ਦੇ ਮਾਪਿਆਂ ਅਤੇ ਸਮੂਹ ਸਟਾਫ ਨੂੰ ਵਧਾਈ ਦਿੱਤੀ। ਉਹਨਾਂ ਨੇ ਦੱਸਿਆ ਕਿ ਬੱਚਿਆਂ ਨੂੰ ਪੜ੍ਹਾਈ ਵਿੱਚ ਖੂਬ ਮਿਹਨਤ ਕਰਵਾਈ ਜਾ ਰਹੀ ਹੈ ਅਤੇ ਨਾਲ- ਨਾਲ ਖੇਡ ਮੁਕਾਬਲਿਆਂ ਵਿੱਚ ਵੀ ਟੋਪ ਪੁਜੀਸ਼ਨਾਂ ਹਾਸਿਲ ਕੀਤੀਆਂ ਜਾ ਰਹੀਆਂ ਹਨ। ਉਹਨਾਂ ਨੇ ਇਹ ਵੀ ਦੱਸਿਆ ਕਿ ਮਿਹਨਤ ਅਤੇ ਸਬਰ ਦੇ ਸਦਕਾ ਮਨੁੱਖ ਉੱਚੀਆਂ ਮੰਜ਼ਿਲਾਂ ਪ੍ਰਾਪਤ ਕਰਦਾ ਹੈ। ਬੱਚਿਆਂ ਦੇ ਨਾਲ ਗੱਲਬਾਤ ਕਰਦਿਆਂ ਟੋਪ ਪੋਜੀਸ਼ਨ ਤੇ ਆਏ ਅਮੀਤੋਜ ਸਿੰਘ ਨੇ ਦੱਸਿਆ ਕਿ ਉਸ ਦਾ ਸੁਪਨਾ ਡਾਕਟਰ ਬਣਨ ਦਾ ਹੈ ਅਤੇ ਉਹ ਪੂਰੀ ਮਿਹਨਤ ਕਰ ਰਿਹਾ ਹੈ। । ਸਰ ਟੱਕਰ ਨੇ ਦੱਸਿਆ ਕਿ ਪੇਂਡੂ ਖੇਤਰ ਵਿੱਚ ਹੁੰਦਿਆਂ ਹੋਇਆ ਇਹ ਸਕੂਲ ਸ਼ਹਿਰੀ ਸਕੂਲਾਂ ਵਾਂਗ ਬੱਚਿਆਂ ਦਾ ਸਰਬਪੱਖੀ ਵਿਕਾਸ ਕਰ ਰਿਹਾ ਹੈ। ਅੰਤ ਵਿੱਚ ਸਰ ਟੱਕਰ ਨੇ ਦੱਸਿਆ ਕਿ ਜਿਹੜਾ ਵਿਦਿਆਰਥੀ ਲਗਨ ਦੇ ਨਾਲ ਸਾਰਾ ਸਾਲ ਮਿਹਨਤ ਕਰਦਾ ਹੈ, ਉਸ ਦਾ ਨਤੀਜਾ ਵੀ ਸ਼ਾਨਦਾਰ ਹੀ ਆਉਂਦਾ ਹੈ । ਪ੍ਰਿੰਸੀਪਲ ਮੈਡਮ ਸੰਦੀਪ ਕੌਰ ਨੇ ਬੱਚਿਆਂ ਨੂੰ ਭਵਿੱਖ ਵਿੱਚ ਵਧੇਰੇ ਮਿਹਨਤ ਕਰਕੇ ਆਪਣੇ ਮਾਪਿਆਂ ਦਾ ਨਾਮ ਇਸੇ ਤਰ੍ਹਾਂ ਰੋਸ਼ਨ ਕਰਨ ਲਈ ਪ੍ਰੇਰਿਆ ਅਤੇ ਇਹ ਵਿਸ਼ਵਾਸ ਦਿਵਾਇਆ ਕਿ ਇਹ ਸੰਸਥਾ ਭਵਿੱਖ ਵਿੱਚ ਵੀ ਮਾਪਿਆਂ ਦੀਆਂ ਉਮੀਦਾਂ ਤੇ ਖਰਾ ਉਤਰੇਗੀ ।

ਆਵਾਜ਼ਿ ਕੌਮ AWAZE QAUM International Newspaper & WEB TV

## ਪੀ.ਐਨ .ਡੀ.ਟੀ.ਐਕਟ ਦੀ ਸਖਤੀ ਨਾਲ ਪਾਲਣਾਂ ਯਕੀਨੀ ਬਣਾਈ ਜਾਵੇਗੀ: ਸਿਵਲ ਸਰਜਨ ਡਾ ਸੁਮੀਤ ਸਿੰਘ



**ਚੌਂਕ ਮਹਿਤਾ, 7 ਮਈ (ਬਾਬਾ ਸੁਖਵੰਤ ਸਿੰਘ ਚੰਨਣਕੇ )**-ਸਿਵਲ ਸਰਜਨ ਡਾ ਸੁਮੀਤ ਸਿੰਘ ਜੀ ਦੀ ਪ੍ਰਧਾਨਗੀ ਹੇਠ ਪੀ.ਐਨ.ਡੀ.ਟੀ ਐਡਵਾਇਜਰੀ ਕਮੇਟੀ ਦੀ ਮੀਟਿੰਗ ਕੀਤੀ ਗਈ। ਇਸ ਮੌਕੇ ਸਿਵਲ ਸਰਜਨ ਅੰਮ੍ਰਿਤਸਰ ਡਾ ਸੁਮੀਤ ਸਿੰਘ ਨੇ ਕਿਹਾ ਕਿ ਔਰਤ ਦਾ ਸਮਾਜ ਵਿੱਚ ਇੱਕ ਅਹਿਮ ਰੋਲ ਹੈ। ਔਰਤ ਦਾ ਘੇਰਾ ਅੱਜ ਘਰ ਦੀ ਚਾਰ ਦੀਵਾਰੀ ਨਹੀ, ਬਲਕਿ ਇਹ ਸੱਮੁਚਾ ਬ੍ਰਹਿਮੰਡ ਹੈ। ਬੇਟੀਆ ਤੋ ਬਿਨਾਂ ਸਮਾਜ ਦੀ ਹੋਦ ਨਹੀ ਹੋ ਸਕਦੀ। ਪਰ ਮਾਦਾ ਭਰੂਣ ਹਤਿਆ ਦੇ ਮਾਮਲੇ ਵਿੱਚ ਇਹ ਬਹੁਤ ਹੀ ਦਰਦਨਾਕ ਤੇ ਨਾਂ ਸਹਿਣ-ਯੋਗ ਜੁਰਮ ਹੈ। ਇਸ ਲਈ ਪੀ.ਸੀ.-ਪੀ.ਐਨ.ਡੀ.ਟੀ. ਐਕਟ ਦੀ ਸਖਤੀ ਨਾਲ ਪਾਲਣਾਂ ਯਕੀਨੀ ਬਣਾਈ ਜਾਵੇਗੀ । ਸੈਕਸ ਰੇਸ਼ੋ ਵਿਚ ਲਿਆਉਣ ਲਈ ਸਰਕਾਰ ਵਲੋ ਬਹੁਤ ਹੀ ਉਪਰਾਲੇ ਕੀਤੇ ਜਾ ਰਹੇ ਹਨ ਜਿਨ੍ਹਾ ਵਿਚ ਸਰਕਾਰੀ ਹਸਪਤਾਲ ਵਿਚ ਮੁਫਤ ਡਿਲੀਵਰੀ, ਜਨਨੀ ਸ਼ੀਸ਼ੂ ਸ਼ਰਖਿਆ ਯੋਜਨਾ, ਜੇ.ਐਸ.ਵਾਈ, ਜਨਮ ਤੋ ਲੈਕੇ 5 ਸਾਲ ਤੱਕ ਕੁੜੀਆਂ ਦਾ ਮੁਫਤ ਇਲਾਜ, ਬਾਲੜੀ ਸੁਰੱਖਿਆ ਯੋਜਨਾਂ ਆਦਿ ਸਾਰੀਆ ਸਹੂਲਤਾ ਕੇਵਲ ਸਰਕਾਰੀ ਹਸਪਤਾਲਾ ਵਿੱਚੋ ਹੀ ਉਪਲਬਧ ਹਨ। ਇਸ ਮੋਕੇ ਜਿਲ੍ਹਾ ਪਰਿਵਾਰ ਭਲਾਈ ਅਫਸਰ ਡਾ ਨੀਲਮ ਭਗਤ, ਜਿਲਾ੍ ਮਾਸ ਮੀਡੀਆ ਅਫਸਰ ਅਮਰਦੀਪ ਸਿੰਘ, ਪ੍ਰਮਨ ਮਹਾਜਨ, ਡਾ ਸ਼ੀਵਾਨੀ ਚੌਹਾਨ, ਡਾ ਤਮੰਨਾਂ, ਡਾ ਨਰੇਸ਼ ਕੁਮਾਰ, ਡਾ ਜਸਕਰਨ ਕੌਰ, ਕਆਰਡੀਨੇਟਰ ਗੌਰਵ ਕੁਮਾਰ ਅਤੇ ਹਰਭਾਗ ਸਿੰਘ ਹਾਜਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

## ਖਾਲਸਾ ਕਾਲਜ ਮਹਿਤਾ ਦੇ ਵਿਦਿਆਰਥੀਆਂ ਨੇ ਯੂਨੀਵਰਸਿਟੀ ਮੈਰਿਟ ਲਿਸਟ ਚ ਮਾਰੀਆਂ ਮੱਲਾਂ

ਚੌਂਕ ਮਹਿਤਾ 7 ਮਈ ( ਬਾਬਾ ਸੁਖਵੰਤ ਸਿੰਘ ਚੰਨਣਕੇ)ਦਮਦਮੀ ਟਕਸਾਲ ਦੇ ਮੌਜੂਦਾ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸ਼੍ਰੀ ਮਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖ਼ਾਲਸਾ ਭਿੰਡਰਾਂਵਾਲ਼ਿਆਂ ਜੀ ਦੀ ਰਹਿਨੁਮਾਈ ਹੇਠ ਚੱਲ ਰਹੇ ਵਿੱਦਿਅਕ ਅਦਾਰੇ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਕਾਲਜ ਮਹਿਤਾ ਵਿੱਚ ਚੱਲ ਰਹੇ ਕੋਰਸ ਬੀ. ਏ, ਬੀ ਕਾਮ, ਬੀ ਸੀ ਏ, ਬੀ ਐੱਸ ਸੀ ਇਕਨੋਮਿਕਸ,ਅਤੇ ਐੱਮ ਏ ਹਿਸਟਰੀ ਦੇ ਨਤੀਜੇ ਲਗਾਤਾਰ ਐਲਾਨੇ ਜਾ ਰਹੇ ਹਨ। ਜਿੰਨਾ ਵਿਚ ਵਿਦਿਆਰਥੀਆਂ ਦੇ ਪੜਾਈ ਸਬੰਧੀ ਉਤਸ਼ਾਹ ਨੂੰ ਦੇਖਿਆ ਗਿਆ ਹੈ। ਕੁੜੀਆਂ ਦੇ ਨਾਲ ਨਾਲ ਮੁੰਡਿਆਂ ਨੇ ਵੀ ਵਧੀਆ ਅੰਕ ਪ੍ਰਾਪਤ ਕਰਕੇ ਕਾਲਜ ਦਾ ਨਾਮ ਰੌਸ਼ਨ ਕੀਤਾ ਹੈ। ਇਸ ਦੌਰਾਨ ਐੱਮ ਏ ਹਿਸਟਰੀ ਦੀ ਹੋਣਹਾਰ ਵਿਦਿਆਰਥਣ ਰਾਜਵਿੰਦਰਜੋਤ ਕੌਰ ਪੁੱਤਰੀ ਅਵਤਾਰ ਸਿੰਘ ਅਤੇ ਬੀ.ਸੀ.ਏ ਦੀ ਵਿਦਿਆਰਥਣ ਮਾਨਮਦੀਪ ਕੌਰ ਪੁੱਤਰੀ ਗੁਰਪ੍ਰੀਤ ਸਿੰਘ ਨੇ ਗੁਰੂ ਨਾਨਕ ਦੇਵ ਯੂਨਵਰਸਿਟੀ ਦੀ ਮੈਰਿਟ ਲਿਸਟ ਵਿੱਚ ਕ੍ਰਮਵਾਰ ਤੀਜਾ ਅਤੇ ਪੰਜਵਾਂ ਸਥਾਨ ਹਾਸਿਲ ਕੀਤਾ ਹੈ। ਵਿਦਿਆਰਥੀਆਂ ਨੇ ਸਾਬਿਤ ਕੀਤਾ ਹੈ ਕਿ ਕਠਿਨ ਮੇਹਨਤ ਅਤੇ ਪੜ੍ਹਨ ਦੀ ਸ਼ਿੱਦਤ ਹੀ ਵਿਦਿਆਰਥੀਆਂ ਨੂੰ ਮੰਜਿਲਾਂ ਤੱਕ ਪਹੁੰਚਾਉਂਦੀ ਹੈ।ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਅਤੇ ਸਮੂਹ ਅਧਿਆਪਕ ਸਹਿਬਾਨਾਂ ਨੇ ਸਾਰੇ ਵਿਦਿਆਰਥੀਆਂ ਨੂੰ ਵਧਾਈਆਂ ਦਿੱਤੀਆਂ ਅਤੇ ਆਉਣ ਵਾਲੇ ਸਮੇਂ ਵਿੱਚ ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਕਰਨ ਦੀਆਂ ਦੁਆਵਾਂ ਦਿੱਤੀਆਂ। ਇਸ ਉਪਰੰਤ ਪ੍ਰਿੰਸੀਪਲ ਸਾਹਿਬਾਨ ਸ. ਗੁਰਦੀਪ ਸਿੰਘ ਜਲਾਲ ਉਸਮਾਂ ਜੀ ਨੇ ਮੈਰਿਟ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਅਤੇ ਓਹਨਾਂ ਨੂੰ ਕਾਲਜ ਵੱਲੋਂ ਸਰਟੀਫਿਕੇਟ ਵੀ ਦਿੱਤੇ ਗਏ,ਜੋ ਵਿਦਿਆਰਥੀਆਂ ਦੇ ਆਉਣ ਵਾਲੇ ਭਵਿੱਖ ਵਿਚ ਲਾਭ ਦੇਣਗੇ। ਇਸ ਮੌਕੇ ਤੇ ਗਿਆਨੀ ਸਾਹਿਬ ਸਿੰਘ ਜੀ, ਕਾਲਜ ਦੇ ਪ੍ਰਿੰ.ਸ.ਗੁਰਦੀਪ ਸਿੰਘ ਜਲਾਲ ਉਸਮਾ,ਮੈਡਮ ਕੁਲਦੀਪ ਕੌਰ,ਮਨਜੀਤ ਕੌਰ, ਕਿਰਨਬੀਰ ਕੌਰ, ਪੂਰਤੀ ਸ਼ਰਮਾ,ਗੁਰਵਿੰਦਰ ਕੌਰ,ਗੁਰਸ਼ਰਨਪ੍ਰੀਤ ਕੌਰ,ਰੁਪਿੰਦਰ ਕੌਰ, ਕੁਲਜੀਤ ਕੌਰ, ਸੁਪਰੀਤ ਕੌਰ, ਨਵਨੀਤ ਕੌਰ,ਕਾਬਲ ਸਿੰਘ ਪੁਰਬਾ ਆਦਿ ਵੀ ਸ਼ਾਮਿਲ ਸਨ।



ਆਵਾਜ਼ਿ ਕੌਮ AWAZE QAUM International Newspaper & WEB TV

ਸੇਵਾ, ਸ਼ਰਧਾ, ਸਮਰਪਣ ਤੇ

# ਸ਼੍ਰੀ ਗੁਰੂ ਅੰਗਦ ਦੇਵ ਜੀ



**ਸਿੱਖ ਧਰਮ** ਦੇ ਵਿਕਾਸ ਵਿੱਚ ਸ਼੍ਰੀ ਗੁਰੂ ਅੰਗਦ ਦੇਵ ਜੀ ਦਾ ਵੱਡਾ ਯੋਗਦਾਨ ਹੈ/ਉਨਾਂ ਸਿੱਖੀ ਦੇ ਪ੍ਰਚਾਰ ਤੇ ਪਸਾਰ ਲਈ ਵਿਸ਼ੇਸ਼ ਯਤਨ ਕੀਤੇ/ਸੇਵਾ, ਸ਼ਰਧਾ, ਸਮਰਪਣ ਤੇ ਭਗਤੀ ਦੇ ਪੁੰਜ -ਸ਼੍ਰੀ ਗੁਰੂ ਅੰਗਦ ਦੇਵ ਜੀ ਦਾ ਜਨਮ 31ਮਾਰਚ1504 ਈ:ਨੂੰ ਜ਼ਿਲਾ ਮੁਕਤਸਰ ਦੇ ਪਿੰਡ ਮੱਤੇ ਸਰਾਂ ਵਿਖੇ ਹੋਇਆ/ਉਨਾ ਦਾ ਪਹਿਲਾ ਨਾਮ ਭਾਈ ਲਹਿਣਾ ਸੀ।

ਉਨਾਂ ਦੇ ਮਾਤਾ ਜੀ ਦਾ ਨਾਂ ਮਾਤਾ ਦਯਾ ਜੀ ਅਤੇ ਪਿਤਾ ਜੀ ਦਾ ਨਾਂ ਬਾਬਾ ਫੇਰੂ ਮੱਲ ਸੀ/ ਆਪ ਚੰਗੇ ਪੜ੍ਹੇ ਲਿਖੇ ਹੋਣ ਕਰਕੇ ਭਾਈ ਲਹਿਣਾ ਜੀ ਦੀ ਪੜ੍ਹਾਈ ਦਾ ਉਚਿਤ ਪ੍ਰਬੰਧ ਕੀਤਾ।ਲਹਿਣਾ ਜੀ ਮਾਤਾ ਪਿਤਾ ਦੇ ਲਾਡਲੇ ਪੁੱਤਰ ਸਨ/ ਵੀਹ ਕੁ ਸਾਲ ਦੀ ਉਮਰ ਵਿੱਚ ਭਾਈ ਲਹਿਣਾ ਜੀ ਨੇ ਆਪਣੇ ਪਿਤਾ ਨਾਲ ਕਾਰੋਬਾਰ ਕਰਨਾ ਸ਼ੁਰੂ ਕਰ ਦਿੱਤਾ

ਸ਼੍ਰੀ ਗੁਰੂ ਅੰਗਦ ਦੇਵ ਜੀ ਦਾ ਵਿਆਹ ਸੰਨ 1520 ਈ: ਚ ਬੀਬੀ ਖੀਵੀ ਜੀ ਨਾਲ ਹੋਇਆ/ ਗੁਰੂ ਅੰਗਦ ਦੇਵ ਜੀ ਦੇ ਘਰ 4 ਬੱਚੇ ਹੋਏ, ਜਿਨ੍ਹਾਂ ਵਿੱਚੋਂ ਦੋ ਪੁੱਤਰ ਦਾਸੂ ਜੀ ਤੇ ਦਾਤੂ ਜੀ ਪੈਦਾ ਹੋਏ। ਦੋ ਸਪੁੱਤਰੀਆਂ ਬੀਬੀ ਅਮਰੋ ਜੀ ਤੇ ਬੀਬੀ ਅਨੋਖੀ ਜੀ ਪੈਦਾ ਹੋਈਆਂ।

ਭਾਈ ਫੇਰੂ ਜੀ ਬਾਰੇ ਪ੍ਰਸਿਧ ਹੈ ਕਿ ਉਹ ਸਾਰੀ ਜਿੰਦਗੀ ਦੇਵੀ ਪੂਜਾ ਤੇ ਕੱਟੜ ਉਪਾਸ਼ਕ ਰਹੇ ।ਇਕ ਵਾਰੀ ਜਵਾਲਾ ਮੁਖੀ ਦੇ ਦਰਸ਼ਨ ਕਰਦਿਆਂ ਭਾਈ ਫੇਰੂ ਦੀ ਦਾ ਸਰੀਰ ਢਿੱਲਾ ਪੈ ਗਿਆ ਤੇ ਸੰਨ 1526 ਨੂੰ ਸੰਘਰ ਵਿਖੇ ਹੀ ਚਲਾਣਾ ਕਰ ਗਏ।

ਪਿਤਾ ਜੀ ਦੇ ਚਲਾਣੇ ਤੋਂ ਉਪਰੰਤ ਭਾਈ ਲਹਿਣਾ ਜੀ ਨੇ ਸੰਘਰ ਛਡ ਕੇ ਖਡੂਰ ਸਾਹਿਬ ਹੱਟੀ ਪਾ ਲਈ ਤੇ ਨਾਲ ਸ਼ਾਹੂਕਾਰਾ ਵੀ ਕਰਨ ਲੱਗ ਪਏ।ਇਤਿਹਾਸ ਮੁਤਾਬਕ 1531 ਈਸਵੀ ਤਕ ਭਾਈ ਲਹਿਣਾ ਜੀ ਜਵਾਲਾ ਮੁਖੀ ਦੇਵੀ ਦੀ ਪੂਜਾ ਲਈ ਜਥੇ ਬਣਾ ਬਣਾ ਯਾਤਰਾ ਲਈ ਜਾਂਦੇ ਰਹੇ।1532 ਈਸਵੀ ਵਿੱਚ ਹਾਲਾਂ ਜੱਥਾ ਲੈ ਜਾਣ ਦੀ ਤਿਆਰੀ ਵਿੱਚ ਸਨ ਕਿ ਭਾਈ ਲਹਿਣਾ ਜੀ ਦੇ ਕੰਨਾਂ ਵਿੱਚ ਭਾਈ ਜੋਧ ਜੀ ਦੇ ਬਾਣੀ- ਪਾਠ ਕਰਨ ਸਮੇਂ ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਦੀਆਂ ਕੁਝ ਸੁਰਾਂ ਸੁਣਾਈਆਂ ਦਿੱਤੀਆਂ।ਇਹ ਗੁਰੂ ਬਾਣੀ ਦੀਆਂ ਸੁਰਾਂ ਹੀ ਸਨ,ਕਿ ਭਾਈ ਲਹਿਣਾ ਜੀ ਦੀ ਸੁਰਤ ਸਹਿਜੇ ਹੀ ਜਾਗ ਪਈ।ਜਾਗੀ ਹੋਈ ਸੁਰਤਿ ਵਿੱਚ ਇਕ ਪ੍ਰਸ਼ਨ ਸੀ ਕਿ ਇਹ ਦੇਵ- ਬਾਣੀ ਕਿਸ ਦੀ ਹੈ ?ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਨਾਮ ਤਾਂ ਭਾਈ ਲਹਿਣਾ ਜੀ ਨੇ ਪਹਿਲਾਂ ਸੁਣਿਆ ਹੋਇਆ ਸੀ,ਪਰ 'ਦੇਵੀ-ਪੂਜਾ' ਘਰ-ਪਰਿਵਾਰ ਪ੍ਰੰਪਰਾ ਵਿਚ ਇੰਨੀ ਭਾਰੂ ਸੀ ਕਿ ਸ੍ਰੀ ਗੁਰੂ ਨਾਨਕ ਸਾਹਿਬ ਜੀ ਬਾਰੇ ਕੁਝ ਸੁਣਿਆ, ਅਣ-ਸੁਣਿਆ ਦੇ ਬਰਾਬਰ ਸੀ।ਜਦੋਂ ਅਨੁਭਵ ਤੇ ਆਚਾਰ ਨਾਲ ਸ਼ਿੰਗਾਰੀ ਗੁਰੂ-ਬਾਣੀ ਬਾਰੇ ਭਾਈ ਜੋਧ ਨੂੰ ਪੁੱਛਿਆ ਤਾਂ, ਉਸ ਬੜੀ ਨਿਮਰਤਾ ਤੇ ਮਿੱਠਤ ਨਾਲ ਆਖਿਆ, ਕਿ ਇਹ ਬਾਣੀ ਜਗਤ ਗੁਰੂ ਨਾਨਕ ਸਾਹਿਬ ਦੀ ਹੈ।ਗੁਰੂ ਨਾਨਕ ਸਾਹਿਬ ਜੀ ਦਾ ਇਸ ਵੇਲੇ ਘਰ ਦਰ-ਘਰ ਕਰਤਾਰਪੁਰ ਵਿਖੇ ਹੈ।ਕਰਤਾਰਪੁਰ ਵਿਖੇ ਉਨ੍ਹਾਂ ਨੇ ਇਕ ਧਰਮਸਾਲ ਵੀ ਸਿਰਜੀ ਹੈ ਜਿਥੋਂ 'ਬਾਣੀ' ਦਾ ਪ੍ਰਕਾਸ਼ ਹਰ ਪਾਸੇ ਰੁਸ਼ਨਾ ਰਹੇ ਹਨ।ਭਾਈ ਜੋਧ ਜੀ ਨੇ ਗੁਰੂ ਨਾਨਕ ਸਾਹਿਬ ਦੀ ਦੀ ਆਤਮਿਕ-ਪ੍ਰਤਿਭਾ ਦੀ ਜਿਵੇਂ ਪਛਾਣ ਕਰਵਾਈ ,ਉਸ ਦਾ ਇਨ੍ਹਾਂ ਅਸਰ ਹੋਇਆ ਕਿ ਭਾਈ ਲਹਿਣਾ ਜੀ ਨੇ ਅੰਤਰ-ਆਤਮੇ ਹੀ ਗੁਰੂ ਨਾਨਕ ਸਾਹਿਬ ਜੀ ਨੂੰ ਮਿਲਣ ਦਾ ਦ੍ਰਿੜ੍ਹ ਨਿਸਚਾ ਕਰ ਲਿਆ । ਜਵਾਲਾਮੁਖੀ ਜਾ ਰਹੇ ਜਥੇ ਨੂੰ ਤੋਰ ਕੇ ਆਪ ਰਸਤੇ ਵਿੱਚ ਹੀ ਗੁਰੂ ਦਰਸ਼ਨ ਲਈ ਕਰਤਾਰਪੁਰ ਰੁਕ ਗਏ ।ਆਪ ਨੇ ਆਪਣਾ ਘੋੜਾ ਕਰਤਾਰਪੁਰ ਵੱਲ ਮੋੜ ਲਿਆ ।ਰਸਤੇ ਵਿੱਚ ਇਕ ਬਜ਼ੁਰਗ ਵਿਅਕਤੀ ਜਾ ਰਿਹਾ ਸੀ,ਉਸ ਪਾਸੋਂ ਗੁਰੂ ਨਾਨਕ ਸਾਹਿਬ ਜੀ ਦਾ ਦਰ- ਘਰ ਪੁੱਛਿਆ ।ਬਜ਼ੁਰਗ ਕਹਿਣ ਲੱਗਾ, 'ਮੇਰੇ ਪਿੱਛੇ ਆ ਜਾਉ ਮੈ ਵੀ ਉਧਰ ਹੀ ਜਾਣਾ ਹੈ।'ਟਿਕਾਣੇ 'ਤੇ ਪਹੁੰਚ ਕੇ ਉਸ ਬਜ਼ੁਰਗ ਵਿਅਕਤੀ ਨੇ ਘੋੜੇ ਦੀ ਵਾਂਗ ਫੜ ਲਈ ਅਤੇ ਘੋੜਾ ਇਕ ਕਿੱਲੇ ਨਾਲ ਬੰਨ ਦਿੱਤਾ ।ਬਜ਼ੁਰਗ ਕਹਿਣ ਲੱਗਾ ਤੁਸੀਂ ਇਥੇ ਆਰਾਮ ਕਰੋ ਤੇ ਇੱਥੇ ਹੀ ਗੁਰੂ ਨਾਨਕ ਸਾਹਿਬ ਨੇ ਆ ਜਾਣਾ ਹੈ।" ਸ਼ਾਮ ਨੂੰ ਸੰਗਤ ਜੁੜਨੀ ਸ਼ੁਰੂ ਹੋ ਗਈ ਤੇ ਜਦ ਸਤਿਸੰਗ ਦਾ ਵਕਤ ਹੋਇਆ ਤੇ ਉਹੀ ਬਜ਼ੁਰਗ ਵਿਅਕਤੀ ਆ ਕੇ ਆਸਣ 'ਤੇ ਬਿਰਾਜਮਾਨ ਹੋ ਗਿਆ ।ਭਾਈ ਲਹਿਣਾ ਜੀ ਇਹ ਵੇਖ ਕੇ ਹੱਕੇ-ਬੱਕੇ ਰਹਿ ਗਏ ਤੇ ਕਹਿਣਾ ਲਗੇ ਕਿ ਗੁਰੂ ਨਾਨਕ ਸਾਹਿਬ ਆਪ ਹੀ ਸਨ ਜੋ ਮੈਨੂੰ ਇੱਥੇ ਲੈ ਕੇ ਆਏ ਸਨ ।ਆਪ ਗੁਰੂ ਜੀ ਦੇ ਚਰਨਾਂ 'ਤੇ ਢਹਿ ਪਏ ਅਤੇ ਖਿਮਾਂ ਜਾਚਨਾ ਕਰਦੇ ਹੋਏ ਕਹਿਣ ਲੱਗੇ, "ਸੱਚੇ ਪਾਤਸ਼ਾਹ ਜੀਉ ! ਮੈਥੋਂ ਅਵੱਗਿਆ ਹੋ ਗਈ ਕਿ ਮੈਂ ਘੋੜੇ'ਤੇ ਸਵਾਰ ਹੋ ਕੇ ਆਇਆ ਤੇ ਤੁਸੀਂ ਪੈਦਲ ਆਏ।÷ਗੁਰੂ ਸਾਹਿਬ ਮੁਸਕਰਾਉਂਦੇ ਹੋਏ ਰਮਜ਼ ਭਰਪੂਰ ਲਹਿਜ਼ੇ ਵਿਚ ਕਹਿਣ ਲੱਗੇ, "ਇਹ ਕੋਈ ਨਵੀਂ ਗੱਲ ਨਹੀਂ, ਲਹਿਣੇ (ਲਹਿਣੇਦਾਰ)ਵਾਲੇ ਸਦਾ ਘੋੜੀਆਂ ਉੱਤੇ ਚੜ੍ਹ ਕੇ ਹੀ ਆਇਆ ਕਰਦੇ ਹਨ ਅਤੇ ਦੇਣਦਾਰ ਪੈਦਲ ਹੀ ਤੁਰਦੇ ਹਨ।ਤੂੰ ਲਹਿਣਾ ਹੈ ਤੇ ਅਸੀਂ ਦੇਣਾ ਹੈ।'ਇਸ ਪਹਿਲੀ ਮੁਲਾਕਾਤ ਵਿੱਚ ਹੀ ਭਾਈ ਲਹਿਣਾ ਜੀ ਦੇ ਸਾਰੇ ਭਰਮ-ਭੁਲੇਖੇ ਦੂਰ ਹੋ ਗਏ ।ਵੈਸ਼ਨਵ ਧਰਮ ਅਤੇ ਦੇਵੀ ਦੇ ਦਰਸ਼ਨ ਦੀ ਤਾਂਘ ਉੱਥੇ ਹੀ ਛੱਡ ਕੇ ਸਦਾ ਲਈ ਗੁਰੂ ਜੀ ਦੇ ਸੇਵਕ ਬਣ ਗਏ /ਗੁਰੂ ਨਾਨਕ ਦੇਵ ਜੀ ਨੇ ਸਿੱਖ ਧਰਮ ਦੀ ਸਥਾਪਨਾ ਕੀਤੀ ਅਤੇ ਇਸ ਧਰਮ ਨੂੰ ਸਥਿਰਤਾ ਦੇਣ ਤੇ ਸਿੱਖੀ ਮਹਿਲ ਨੂੰ ਅੱਗੇ ਤੋਰਨ ਲਈ ਗੁਰੂ ਅੰਗਦ ਦੇਵ ਜੀ ਨੇ ਅਹਿਮ ਭੂਮਿਕਾ ਨਿਭਾਈ। ਸਿੱਖ ਧਰਮ ਦੀ ਸਦੀਵੀ ਹੋਂਦ ਬਰਕਰਾਰ ਰੱਖਣ ਲਈ ਗੁਰੂ ਨਾਨਕ ਦੇਵ ਜੀ ਨੇ ਆਪਣੀ ਦੂਰ-ਦ੍ਰਿਸਟੀ ਤੇ ਦਾਨਸ਼ਮੰਦੀ ਨਾਲ ਗੁਰੂ-ਚੇਲੇ ਦੀ ਰੀਤ ਚਲਾ ਕੇ ਭਾਈ ਲਹਿਣਾ ਜੀ ਨੂੰ ਗੁਰਗਦੀ ਤੇ ਬਿਠਾਠਿਆ

ਪ੍ਰਿਸੱਧ ਇਤਿਹਾਸਕਾਰ ਜੀ ਸੀ ਨਾਰੰਗ ਦਾ ਕਹਿਣਾ ਹੈ ਕਿ "ਜੇਕਰ ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ ਨੂੰ ਗੁਰੂਤਾ-ਗੱਦੀ ਦੀ ਬਖਸ਼ਿਸ਼ ਨਾ ਕਰਦੇ ਤਾਂ ਅੱਜ ਸਿੱਖ ਧਰਮ ਦਾ ਨਾਮੋ-ਨਿਸ਼ਾਨ ਵੀ ਨਾ ਹੁੰਦਾ।"

ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਜੀ ਨੂੰ ਪੂਰੀ ਤਰ੍ਹਾਂ ਯੋਗ ਜਾਣ ਕੇ ਗੁਰੂ ਅੰਗਦ ਨਾਮ ਦੇ ਕੇ 2 ਸਤੰਬਰ 1539 ਈ: ਵਿਚ ਪ੍ਰਮੁੱਖ ਸਿੱਖਾਂ ਦੀ ਮੌਜੂਦਗੀ ਵਿਚ ਆਪਣੀ ਥਾਂ ਤੇ ਪ੍ਰਚਾਰ ਕਰਨ ਦੇ ਲਈ ਗੁਰਿਆਈ ਦੀ ਮਹਾਨ ਜ਼ਿੰਮੇਵਾਰੀ ਸੌਂਪੀ।ਗੁਰਗੱਦੀ ਦਾ ਸ਼ਾਬਦਿਕ ਅਰਥ ਹੈ ਗੁਰੂ ਦਾ ਤਖਤ। ਗੁਰੂ ਜੀ ਨੇ ਗੁਰੂ ਅੰਗਦ ਦੇਵ ਜੀ ਨੂੰ ਮੱਥਾ ਟੇਕਿਆ ਤੇ ਬਾਕੀ ਸੰਗਤਾਂ ਨੂੰ ਮੱਥਾ ਟੇਕਣ ਲਈ ਕਿਹਾ। ਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਦੇਵ ਜੀ ਨੂੰ ਤਖਤ ਤੇ ਬਿਠਾ ਕੇ ਸਭ ਸੰਗਤਾਂ ਦੇ ਸਾਹਮਣੇ ਬਾਣੀ ਦੀ ਪੋਥੀ ਸੌਂਪ ਕੇ ਐਲਾਨ ਕੀਤਾ "ਮੇਰੀ ਜਗ੍ਹਾ ਹੁਣ ਗੁਰੂ ਅੰਗਦ ਦੇਵ ਜੀ ਨੂੰ ਸਮਝਣਾ। ਇਹਨਾਂ ਦਾ ਦਰਸ਼ਨ ਮੇਰਾ ਦਰਸ਼ਨ, ਇਹਨਾਂ ਦਾ ਬਚਨ ਹੀ ਮੇਰਾ ਬਚਨ ਹੋਵੇਗਾ। ਗੁਰੂ ਨਾਨਕ ਦੇਵ ਜੀ ਨੇ ਮਾਰੂ ਸੋਲਹੇ ਵਿਚ ਕਿਹਾ ਹੈ ਕਿ ਉਸ ਤਖਤ ਤੇ ਉਹੀ ਬੈਠਦਾ ਹੈ ਜੋ ਉਸ ਦੇ ਲਾਇਕ ਹੁੰਦਾ ਹੈ। ਜਿਸ ਨੇ ਕਾਮ, ਕਰੋਧ, ਲੋਭ, ਮੋਹ ਅਤੇ ਹੰਕਾਰ ਆਦਿ ਵਿਕਾਰਾਂ ਨੂੰ ਮੁਕਾ ਲਿਆ ਹੋਵੇ, ਉਸ ਨੂੰ ਹੀ ਤਖਤ ਦੀ ਪ੍ਰਾਪਤੀ ਹੁੰਦੀ ਹੈ।

**ਤਖਤਿ ਬਹੈ ਤਖਤੈ ਕੀ ਲਾਇਕ॥**
**( ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1039)**

ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਿੱਖ ਭਾਈ ਲਹਿਣੇ ਨੂੰ ਆਪਣੇ ਹੱਥੀਂ ਗੱਦੀ ਨਸ਼ੀਨ ਕੀਤਾ। ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਗੁਰਿਆਈ ਦੀ ਜ਼ਿੰਮੇਵਾਰੀ ਇਕ ਬਹੁਤ ਵੱਡੀ ਜ਼ਿੰਮੇਵਾਰੀ ਸੀ। ਇਸ ਜ਼ਿੰਮੇਵਾਰੀ ਦਾ ਮੰਤਵ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਨੂੰ ਨਿਖਾਰਨਾ, ਪ੍ਰਚਾਰਨਾ, ਮਨੁੱਖੀ ਭਾਈਚਾਰੇ ਵਿਚ ਪ੍ਰਭਾਵਸ਼ਾਲੀ ਢੰਗ ਦੇ ਨਾਲ ਜਾਰੀ ਕਰਨਾ, ਇਸੇ ਹੀ ਵਿਚਾਰਧਾਰਾ ਨੂੰ ਮਿਲਗੋਭਾ ਹੋਣ ਤੋਂ ਬਚਾਉਣਾ ਆਦਿ ਸੀ। ਗੁਰੂ ਅੰਗਦ ਦੇਵ ਜੀ ਨੇ ਆਪਣੇ ਜੀਵਨ ਦੇ ਲਗਭਗ ਤੇਰਾਂ ਸਾਲ (ਸਤੰਬਰ 1539-1552) ਦੇ ਗੁਰਿਆਈ ਕਾਲ ਸਮੇਂ ਹਰੇਕ ਉਪਦੇਸ਼ ਅਤੇ ਹਰੇਕ ਕਾਰਜ ਵਿਚ ਇਹਨਾਂ ਗੱਲਾਂ ਨੂੰ ਸਾਹਮਣੇ ਰੱਖਿਆ।

ਭਾਈ ਲਹਿਣਾ ਜੀ ਨੇ ਗੁਰੂ ਅੰਗਦ ਦੇਵ ਜੀ ਦੇ ਰੂਪ ਵਿਚ ਗੁਰੂ ਨਾਨਕ ਸਾਹਿਬ ਜੀ ਦੇ ਪੰਥ ਨੂੰ ਅਗਾਂਹ ਚਲਾਉਣ ਲਈ ਪੂਰਨ ਪ੍ਰਤਿਬੱਧਤਾ ਨਾਲ ਸਿੱਖ ਧਰਮ ਦੀ ਸਥਾਪਤੀ ਤੇ ਵਿਕਾਸ ਵਿਚ ਅਹਿਮ ਆਰੰਭਿਕ ਭੂਮਿਕਾ ਨਿਭਾਈ। ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੀ ਸੰਭਾਲ ਕਰਨ ਦੇ ਨਾਲ ਨਾਲ ਗੁਰਮੁਖੀ ਲਿਪੀ ਦੇ ਵਿਕਾਸ ਤੇ ਸਿਖਲਾਈ ਲਈ ਕਾਰਜ ਕੀਤਾ।

ਆਵਾਜ਼ਿ ਕੌਮ AWAZE QAUM International Newspaper & WEB TV

ਸ਼੍ਰੀ ਗੁਰੂ ਅੰਗਦ ਦੇਵ ਜੀ ਨੇ 'ਗੁਰੂ ਕਾ ਲੰਗਰ' ਦੀ ਪ੍ਰਥਾ ਨੂੰ ਹੋਰ ਵਧੇਰੇ ਪ੍ਰਚੱਲਿਤ ਕੀਤਾ। ਲੋਕਾਂ ਵਿੱਚ ਸਿੱਖਿਆ ਦੇ ਰੁਝਾਨ ਨੂੰ ਵਿਕਸਤ ਕਰਨ ਲਈ ਗੁਰੂ ਅੰਗਦ ਦੇਵ ਜੀ ਨੇ ਕਈ ਸਕੂਲ ਖੁਲ੍ਹਵਾਏ ਅਤੇ ਸਿੱਖਿਆ ਦਾ ਪ੍ਰਸਾਰ ਕੀਤਾ।

ਜਿੱਥੇ ਗੁਰੂ ਜੀ ਨੇ ਮਾਨਸਿਕ ਕਮਜੋਰੀ ਨੂੰ ਬਾਣੀ ਨਾਲ ਦੂਰ ਕਰਨ ਦਾ ਯਤਨ ਕੀਤਾ ਉੱਥੇ ਹੀ ਨੌਜਵਾਨ ਪੀੜ੍ਹੀ ਨੂੰ ਸਰੀਰਕ ਤੌਰ 'ਤੇ ਤੰਦਰੁਸਤ ਰੱਖਣ ਲਈ ਘੋਲਾਂ ਦੀ ਖੇਡ ਨੂੰ ਉਤਸਾਹਿਤ ਕਰਨ ਲਈ 'ਮੱਲ ਅਖਾੜੇ' ਵੀ ਸਥਾਪਨਾ ਕੀਤੇ। ਗੁਰੂ ਘਰ ਦੀ ਸਬਦ ਕੀਰਤਨ ਪਰੰਪਰਾ ਦੇ ਵਿਕਾਸ ਵਿਚ ਵੀ ਆਪ ਜੀ ਦਾ ਮਹੱਤਵਪੂਰਨ ਯੋਗਦਾਨ ਰਿਹਾ।

ਸ਼੍ਰੀ ਗੁਰੂ ਅੰਗਦ ਸਾਹਿਬ ਜੀ ਨੇ 63 ਸਲੋਕਾਂ ਦੀ ਰਚਨਾ ਕੀਤੀ ਜੋ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ। ਗੁਰੂ ਅੰਗਦ ਦੇਵ ਜੀ ਨੇ ਮਹਲਾ 2 ਸਿਰਲੇਖ ਹੇਠ 9 ਰਾਗਾਂ ਅਧੀਨ ਬਾਣੀ ਉਚਾਰੀ। ਆਪ ਜੀ ਨੇ ਰਾਗ ਸਿਰੀ ਅਧੀਨ 2 ਸਲੋਕ, ਰਾਗ ਮਾਝ ਅਧੀਨ 12 ਸਲੋਕ, ਰਾਗ ਆਸਾ ਅਧੀਨ 15 ਸਲੋਕ, ਰਾਗ ਸੋਰਠ ਅਧੀਨ ਇਕ ਸਲੋਕ ,ਰਾਗ ਸੂਹੀ ਅਧੀਨ 11 ਸਲੋਕ, ਰਾਗ ਰਾਮਕਲੀ ਅਧੀਨ 7 ਸਲੋਕ ,ਰਾਗ ਮਾਰੂ ਅਧੀਨ 1 ਸਲੋਕ , ਰਾਗ ਸਾਰੰਗ ਅਧੀਨ 9 ਸਲੋਕ , ਰਾਗ ਮਲਾਰ ਅਧੀਨ 5 ਸਲੋਕਾਂ ਦੀ ਰਚਨਾ ਕੀਤੀ ।ਆਪ ਜੀ ਦੁਆਰਾ ਰਚੀ ਇਹ ਸਾਰੀ ਬਾਣੀ ਆਦਿ ਗ੍ਰੰਥ ਵਿੱਚ ਦਰਜ ਹੈ/

ਸਾਹਿਬ ਸ਼੍ਰੀ ਗੁਰੂ ਅੰਗਦ ਦੇਵ ਜੀ ਨੇ ਸ਼੍ਰੀ ਗੁਰੂ ਨਾਨਕ ਸਾਹਿਬ ਦੁਆਰਾ ਆਰੰਭ ਕੀਤੀ ਗੁਰੂ ਘਰ ਦੀ ਕੀਰਤਨ ਪਰੰਪਰਾ ਦੇ ਨਿਰੰਤਰ ਵਿਵਹਾਰਕ ਪ੍ਰਚਲਨ ਦੁਆਰਾ, ਬਾਣੀ ਦਾ ਪ੍ਰਵਾਹ ਚਲਾਇਆ। ਇਸ ਦੁਆਰਾ ਸਬਦ ਕੀਰਤਨ ਪਰੰਪਰਾ ਦੇ 'ਸੈਲੀਗਤ-ਰੂਪ' ਦਾ ਨਿਰੰਤਰ ਵਿਕਾਸ ਹੋਇਆ। ਗੁਰਮਤਿ ਸੰਗੀਤ ਵਿਚ ਰਾਗਾਂ ਦੇ ਸਮੇਂ ਅਨੁਸਾਰ ਨਾਮਾਂਕਣ ਕੀਤੀਆਂ ਕੀਰਤਨ ਚੌਂਕੀਆਂ ਦੀ ਵਿਸੇਸ ਪਰੰਪਰਾ ਹੈ ਜਿਵੇਂ ਕਿ ਆਸਾ ਦੀ ਵਾਰ ਦੀ ਚੌਂਕੀ, ਬਿਲਾਵਲ ਦੀ ਚੌਂਕੀ, ਸਾਰੰਗ ਦੀ ਚੌਂਕੀ, ਕਲਿਆਣ ਦੀ ਚੌਂਕੀ, ਕਾਨੜੇ ਦੀ ਚੌਂਕੀ ਆਦਿ। ਕੀਰਤਨ ਚੌਂਕੀਆਂ ਦੀ ਇਹ ਪਰੰਪਰਾ ਦਰਬਾਰ ਸਾਹਿਬ ਹਰਿਮੰਦਰ ਸਾਹਿਬ ਅਤੇ ਹੋਰ ਇਤਿਹਾਸਕ ਗੁਰਦੁਆਰਿਆਂ ਵਿਚ ਨਿਰੰਤਰ ਰੂਪ ਵਿਚ ਪ੍ਰਚਲਿਤ ਹੈ।

ਕੀਰਤਨ ਚੌਂਕੀਆਂ ਦੀ ਇਸ ਪਰੰਪਰਾ ਦਾ ਵੱਖ ਵੱਖ ਗੁਰੂ ਸਾਹਿਬਾਨ ਦੁਆਰਾ ਨਿਰੰਤਰ ਵਿਕਾਸ ਹੋਇਆ। ਇਨ੍ਹਾਂ ਕੀਰਤਨ ਚੌਂਕੀਆਂ ਦੀ ਇਸ ਪਰੰਪਰਾ ਦਾ ਵਿਸ਼ਿਸ਼ਟ ਸੰਗੀਤ ਵਿਧਾਨ ਤੇ ਮੌਲਿਕ ਸੰਗੀਤਕ ਸਰੂਪ ਹੈ। ਇਨ੍ਹਾਂ ਕੀਰਤਨ ਚੌਂਕੀਆਂ ਦੀ ਪੇਸਕਾਰੀ, ਇਤਿਹਾਸਕ ਵਿਕਾਸ ਅਤੇ ਕੀਰਤਨ-ਸਮੱਗਰੀ ਦਾ ਇਕ ਵਿਸਾਲ ਖਜਾਨਾ 'ਗੁਰਮਤਿ ਸੰਗੀਤ' ਦੀ ਕੀਰਤਨ-ਵਿਰਾਸਤ ਦਾ ਅਹਿਮ ਹਿੱਸਾ ਹੈ। ਕੀਰਤਨ ਚੌਂਕੀਆਂ ਦੀ ਇਸ ਪਰੰਪਰਾ ਦੇ ਪ੍ਰਚਲਨ ਤੇ ਸੰਸਥਾਗਤ ਰੂਪ ਵਿਚ ਸਥਾਪਤੀ ਹਿੱਤ ਗੁਰੂ ਅੰਗਦ ਦੇਵ ਜੀ ਦਾ ਵਿਸ਼ੇਸ਼ ਆਰੰਭਕ ਯੋਗਦਾਨ ਰਿਹਾ ਹੈ।

ਸ਼੍ਰੀ ਗੁਰੂ ਅੰਗਦ ਦੇਵ ਜੀ ਵੱਲੋਂ ਕਰਤਾਰਪੁਰ ਸਾਹਿਬ ਤੋਂ ਮਗਰੋਂ ਸ਼੍ਰੀ ਖਡੂਰ ਸਾਹਿਬ ਨੂੰ ਸਿੱਖੀ ਦਾ ਕੇਂਦਰ ਬਣਾ ਕਿ ਕੀਰਤਨ ਦੀ ਵਿਸ਼ੇਸ਼ ਪ੍ਰਥਾ ਚਲਾਈ ਗਈ / ਜਿਸ ਤਹਿਤ ਤਜਰਬੇਕਾਰ ਸੰਗੀਤਕਾਰਾਂ ਦੀ ਰਬਾਬੀ ਸ੍ਰੇਣੀ ਨੂੰ ਗੁਰੂ ਘਰ ਨਾਲ ਜੋੜਨ ਦੀ ਸ਼ੁਰੂਆਤ ਕੀਤਾ ਗਈ। ਭਾਈ ਮਰਦਾਨਾ ਜੀ ਤੋਂ ਬਾਅਦ ਭਾਈ ਸਜਾਦਾ ਅਤੇ ਵਿਸ਼ੇਸ਼ ਰੂਪ ਵਿਚ ਭਾਈ ਬਲਵੰਤ ਦਾ ਨਾਂ ਵਰਣਨਯੋਗ ਹੈ। ਜਦੋਂ ਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਦੇਵ ਜੀ ਨੂੰ ਗੁਰ ਗੱਦੀ ਬਖ਼ਸ਼ੀ ਤਾਂ ਰਾਇ ਬਲਵੰਤ, ਗੁਰੂ ਅੰਗਦ ਦੇਵ ਜੀ ਨਾਲ ਹੀ ਖਡੂਰ ਸਾਹਿਬ ਆ ਗਏ ਸਨ ।ਬਾਅਦ ਵਿਚ ਸ਼੍ਰੀ ਗੁਰੂ ਅਮਰਦਾਸ ਜੀ ਅਤੇ ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਵਿਚ ਰਾਇ ਬਲਵੰਤ ਨੇ ਰਬਾਬੀ ਭਾਈ ਸੱਤਾ ਜੀ ਨਾਲ ਮਿਲ ਕੇ ਕੀਰਤਨ ਦੀ ਸੇਵਾ ਨਿਭਾਈ। ਆਪ ਦੁਆਰਾ ਰਚੀ ਬਾਣੀ ਨੂੰ ਗੁਰੂ ਸਾਹਿਬ ਨੇ 'ਸ਼ਬਦ ਗੁਰੂ' ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਿਸ਼ੇਸ਼ ਸਥਾਨ ਦਿੱਤਾ,ਜੋ 'ਰਾਮਕਲੀ ਕੀ ਵਾਰ ਰਾਇ ਬਲਵੰਡ ਅਤੇ ਸਤੈ ਡੂਮਿ ਆਖੀ'ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ 966 ਦੇ ਸਿਰਲੇਖ ਹੇਠ ਦਰਜ ਹੈ।

ਇਨ੍ਹਾਂ ਇਤਿਹਾਸਕ ਹਵਾਲਿਆਂ ਤੋਂ ਸਪਸ਼ਟ ਹੈ ਕਿ ਗੁਰੂ ਘਰ ਨੇ ਕੀਰਤਨੀਆਂ ਨੂੰ ਭਰਪੂਰ ਸਰਪ੍ਰਸਤੀ ਦੁਆਰਾ ਨਿਵਾਜਿਆ। ਗੁਰੂ ਅੰਗਦ ਦੇਵ ਜੀ ਨਾਲ ਕੀਰਤੀਏ ਦੇ ਰੂਪ ਵਿਚ ਰਬਾਬੀ ਭਾਈ ਬਲਵੰਤ ਦਾ ਖਡੂਰ ਸਾਹਿਬ ਵਿਖੇ ਆਉਣ ਨਾਲ ਗੁਰੂ ਘਰ ਵਿਖੇ ਕੀਰਤਨੀਆਂ ਦੀ ਇਕ ਵਿਸਾਲ ਪਰੰਪਰਾ ਪ੍ਰਫੁੱਲਤ ਹੋਈ ।25 ਮਾਰਚ 1552 ਨੂੰ ਤੀਜੇ ਗੁਰੂ ਅਮਰਦਾਸ ਸਾਹਿਬ ਜੀ ਨੂੰ ਗੁਰਗੱਦੀ ਬਖ਼ਸ਼ ਕੇ ਸ਼੍ਰੀ ਗੁਰੂ ਅੰਗਦ ਦੇਵ ਜੀ 48 ਵਰੇ ਦੀ ਉਮਰ ਚ 29 ਮਾਰਚ 1552 ਨੂੰ ਖਡੂਰ ਸਾਹਿਬ ਵਿਖੇ ਜੋਤੀ-ਜੋਤ ਸਮਾ ਗਏ।

**-ਲੈਕਚਰਾਰ ਅਜੀਤ ਖੰਨਾ**
ਐਮਏ.(ਇਤਿਹਾਸ)ਐਮ.ਫਿਲ .,ਮਾਸਟਰ ਆਫ ਜਰਨਲਿਜਮ ਐਂਡ ਮਾਸ ਕਮਿਊਨੀਕੇਸ਼ਨ.,ਬੀਐਡ, ਸਟਰੀਟ ਨੰ:2,ਨੰਦ ਸਿੰਘ ਐਵਨਿਊ ਖੰਨਾ, (ਜਿਲਾ ਲੁਧਿਆਣਾ), ਮੋਬਾਇਲ:85448-54669

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

**ਸਿੰਘ ਸਾਹਿਬ ਗਿਆਨੀ ਜਸਵੀਰ ਸਿੰਘ ਰੋਡੇ ਵੱਲੋਂ**

# ਪੰਥਕ ਸੋਚ ਵਾਲੇ ਉਮੀਦਵਾਰਾਂ ਦੀ ਹਮਾਇਤ ਕਰਨਾ ਸ਼ਲਾਘਾਯੋਗ ਫੈਸਲਾ



**ਐਡਮਿੰਟਨ /ਕਨੇਡਾ (ਜਗਮੀਤ ਸਿੰਘ ਬਾਠ)-** ਭਾਰਤ ਵਿੱਚ ਲੋਕ ਸਭਾ ਚੋਣਾਂ ਦਾ ਬਿਗਲ ਵੱਜ ਚੁੱਕਾ ਹੈ ਕੁੱਝ ਸੂਬਿਆਂ ਵਿੱਚ ਵੋਟਾਂ ਪੈ ਗਈਆਂ ਹਨ ਪਰ ਪੰਜਾਬ ਸਟੇਟ ਵਿੱਚ ਇੱਕ ਜੂਨ ਨੂੰ ਵੋਟਾਂ ਪੈਣੀਆਂ ਹਨ ਇਸ ਲਈ ਸਾਰੀਆਂ ਪਾਰਟੀਆਂ ਵੱਲੋਂ ਆਪਣੇ - ਆਪਣੇ ਉਮੀਦਵਾਰ ਚੋਣ ਮੈਦਾਨ ਵਿੱਚ ਉਤਾਰੇ ਜਾ ਰਹੇ ਹਨ ਜਿਸ ਦੇ ਤਹਿਤ ਵੀਹਵੀਂ ਸਦੀ ਦੇ ਮਹਾਨ ਸਿੱਖ ਜਰਨੈਲ ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਭਤੀਜੇ,ਇੰਟਰਨੈਸ਼ਨਲ ਪੰਥਕ ਦਲ ਦੇ ਸਰਪ੍ਰਸਤ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਰੋਡੇ ਜੀ ਵੱਲੋਂ ਪੰਥਕ ਸੋਚ ਵਾਲੇ ਅਜਾਦ ਉਮੀਦਵਾਰਾਂ ਦੀ ਪੂਰੀ ਹਮਾਇਤ ਕਰਨਾ ਬਹੁਤ ਸ਼ਲਾਘਾਯੋਗ ਫੈਸਲਾ ਹੈ ਜਿਨ੍ਹਾਂ ਵਿੱਚ ਖੰਡੂਰ ਸਾਹਿਬ ਤੋਂ ਭਾਈ ਅਮ੍ਰਿਤਪਾਲ ਸਿੰਘ, ਫਰੀਦਕੋਟ ਤੋਂ ਭਾਈ ਸਰਬਜੀਤ ਸਿੰਘ ਮਲੋਆ (ਬੇਟੇ ਸ਼ਹੀਦ ਭਾਈ ਬੇਅੰਤ ਸਿੰਘ) ਜਿਨ੍ਹਾਂ ਨੇ ਇੰਦਰਾ ਗਾਂਧੀ ਨੂੰ ਸੋਧ ਕੇ ਸ੍ਰੀ ਅਕਾਲ ਤਖਤ ਸਾਹਿਬ ਤੇ ਹੋਏ ਹਮਲੇ ਦਾ ਬਦਲਾ ਲਿਆ ਸੀ, ਲੁਧਿਆਣਾ ਤੋਂ ਭਾਈ ਕਮਲਜੀਤ ਸਿੰਘ ਬਰਾੜ ਜੋ ਹਮੇਸ਼ਾ ਪਾਰਟੀ ਬਾਜੀ ਤੋਂ ਉਪਰ ਉਠ ਕੇ ਹੱਕ-ਸੱਚ ਦੀ ਗੱਲ ਕਰਦੇ ਹਨ ਅਤੇ ਗੁਰਦਾਸਪੁਰ ਤੋਂ ਭਾਈ ਗੁਰਿੰਦਰ ਸਿੰਘ ਬਾਜਵਾ ਚੋਣ ਲੜ ਰਹੇ ਹਨ ਅਤੇ ਨਾਲ ਹੀ ਜੋ ਸਰਦਾਰ ਸਿਮਰਨਜੀਤ ਸਿੰਘ ਮਾਨ ਨੂੰ ਫਰੀਦਕੋਟ ਹਲਕੇ ਤੋਂ ਆਪਣਾ ਉਮੀਦਵਾਰ ਨਾ ਐਲਾਨਣ ਦੀ ਅਪੀਲ ਕੀਤੀ ਹੈ ਕਿ ਜੇਕਰ ਸਰਦਾਰ ਸਿਮਰਨਜੀਤ ਸਿੰਘ ਮਾਨ ਆਪਣਾ ਉਮੀਦਵਾਰ ਨਹੀਂ ਖੜ੍ਹਾ ਕਰਦੇ ਤਾਂ ਇੰਟਰਨੈਸ਼ਨਲ ਪੰਥਕ ਦਲ ਸੰਗਰੂਰ ਤੋਂ ਸਾਬਕਾ ਮੈਂਬਰ ਪਾਰਲੀਮੈਂਟ ਸਰਦਾਰ ਸਿਮਰਨਜੀਤ ਸਿੰਘ ਮਾਨ ਦੀ ਹਮਾਇਤ ਕਰੇਗਾ ਇਹ ਵੀ ਬਹੁਤ ਵਧੀਆ ਫੈਸਲਾ ਹੈ ਕਿਉਂਕਿ ਅੱਜ ਲੋੜ ਹੈ ਸਿੱਖ ਕੌਮ ਨੂੰ ਇੱਕ ਝੰਡੇ ਹੇਠ ਇਕੱਠੇ ਹੋ ਕੇ ਲੜਾਈ ਲੜਨ ਦੀ ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਕਨੇਡਾ ਰਹਿੰਦੇ ਨੋਜਵਾਨਾਂ ਵੱਲੋਂ ਇੱਕ ਵਿਸ਼ੇਸ਼ ਮਿਲਣੀ ਦੌਰਾਨ ਕੀਤਾ ਜਿਨ੍ਹਾਂ ਵਿੱਚ ਭਾਈ ਅਮਰਜੋਤ ਸਿੰਘ, ਹਰਪ੍ਰੀਤ ਸਿੰਘ ਹੈਪੀ, ਇੱਕਜੋਤ ਸਿੰਘ ਚੀਮਾਂ, ਕਿਰਨਇੰਦਰ ਸਿੰਘ ਗਰੇਵਾਲ, ਹਰਸਦੀਪ ਸਿੰਘ ਅਤੇ ਗੁਰਦੇਵ ਸਿੰਘ ਸਮੇਤ ਹੋਰ ਨੋਜਵਾਨ ਵੀ ਸ਼ਾਮਲ ਸਨ ਇਹਨਾਂ ਨੋਜਵਾਨਾਂ ਨੇ ਜਿੱਥੇ ਸਿੰਘ ਸਾਹਿਬ ਜੀ ਦਾ ਵਿਸ਼ੇਸ਼ ਧੰਨਵਾਦ ਕੀਤਾ ਉਥੇ ਹੀ ਪੰਜਾਬ ਦੇ ਲੋਕਾਂ ਨੂੰ ਇਹਨਾਂ ਉਮੀਦਵਾਰਾਂ ਨੂੰ ਜਿਤਾਉਣ ਦੀ ਅਪੀਲ ਵੀ ਕੀਤੀ ਹੈ।

**ਸ਼ਹੀਦ ਜਰਨਲ ਸੁਬੇਗ ਸਿੰਘ ਸਪੋਰਟ ਕਲੱਬ ਕਨੇਡਾ ਵੱਲੋਂ ਅਪੀਲ**

# ਭਾਈ ਅੰਮ੍ਰਿਤਪਾਲ ਸਿੰਘ ਨੂੰ ਹਲਕਾ ਖਡੂਰ ਸਾਹਿਬ ਤੋਂ ਜਿਤਾਉਣ ਸੰਗਤਾਂ




**ਅੰਮ੍ਰਿਤਸਰ, 7 ਮਈ (ਆਵਾਜ਼ਿ ਕੌਮ ਬਿਊਰੋ)**-ਪੂਰੇ ਪੰਜਾਬ ਅਤੇ ਵਿਦੇਸ਼ਾਂ ਵਿੱਚ ਬੈਠੇ ਪੰਜਾਬੀਆ ਦੀ ਨਿਗ੍ਹਾ ਇਸ ਵੇਲੇ ਲੋਕ ਸਭਾ ਹਲਕਾ ਖਡੂਰ ਸਹਿਬ ਤੇ ਲੱਗੀ ਹੋਈ ਹੈ । ਡਿਬਰੂਗੜ ਜੇਲ ਵਿੱਚ ਬੰਦ ਵਾਰਿਸ ਪੰਜਾਬ ਦੇ ਜੱਥੇਬੰਦੀ ਦੇ ਮੁਖੀ ਭਾਈ ਅੰਮ੍ਰਿਤਪਾਲ ਸਿੰਘ ਵੱਲੋ ਅਜ਼ਾਦ ਉਮੀਦਵਾਰ ਵੱਜੋ ਚੋਣ ਲੜਨ ਦੇ ਐਲਾਨ ਮਗਰੋ ਸਿਆਸੀ ਸਮੀਕਰਨ ਬਹੁਤ ਤੇਜ਼ੀ ਨਾਲ ਬਦਲੇ ਹਨ ਅੰਮ੍ਰਿਤਪਾਲ ਸਿੰਘ ਅਤੇ ਨਾਲ ਦੇ ਸਿੰਘਾ ਤੇ ਐਨ. ਐਸ. ਏ. ਲਗਾਉਣ ਕਾਰਨ ਤੇ ਉਹਨਾ ਦੀ ਧਰਮ ਪਤਨੀ ਨੂੰ ਬੇਵਜ੍ਹਾ ਏਅਰ ਪੋਰਟ ਤੇ ਰੋਕੇ ਜਾਣ ਕਾਰਨ ਅਤੇ ਅੰਮ੍ਰਿਤਪਾਲ ਤੇ ਕਾਰਵਾਈ ਨੂੰ ਲੈ ਕੇ ਕੇਜਰੀਵਾਲ ਵੱਲੋ ਇਕ ਚੈਨਲ ਤੇ ਦਿੱਤੇ ਬਿਆਨ ਕਾਰਨ ਜਿੱਥੇ ਪਹਿਲਾਂ ਸਿੱਖ ਸੰਗਤਾਂ ਵਿੱਚ ਆਮ ਆਦਮੀ ਪਾਰਟੀ ਪ੍ਰਤੀ ਰੋਸ ਸੀ । ਉਸ ਵੇਲੇ ਇਹ ਲੱਗ ਰਿਹਾ ਸੀ ਕਿ ਅਕਾਲੀ ਦਲ ਬਾਦਲ ਸ਼ਾਇਦ ਆਪਣੀ ਪੰਥਕ ਸ਼ਾਖ ਨੂੰ ਬਚਾਉਣ ਲਈ ਤੇ ਪੰਥ ਵਿਰੋਧੀ ਹੋਣ ਦੇ ਲੱਗਦੇ ਕਲੰਕ ਨੂੰ ਮਿਟਾਉਣ ਲਈ ਭਾਈ ਅੰਮ੍ਰਿਤਪਾਲ ਸਿੰਘ ਨੂੰ ਸਹਿਯੋਗ ਦੇਣਗੇ । ਪਰ ਹੁਣ ਅਕਾਲੀ ਦਲ ਬਾਦਲ ਵੱਲੋ ਇਸੇ ਹਲਕੇ ਤੋ ਵਿਰਸਾ ਸਿੰਘ ਵਲਟੋਹਾ ਨੂੰ ਉਮੀਦਵਾਰ ਬਣਾਏ ਜਾਣ ਤੋਂ ਬਾਅਦ ਤੇ ਵਿਰਸਾ ਸਿੰਘ ਵਲਟੋਹਾ ਵੱਲੋਂ ਲਗਾਤਾਰ ਕੀਤੀ ਜਾ ਰਹੀ ਬਿਆਨਬਾਜ਼ੀ ਕਾਰਨ ਇਹ ਚੋਣ ਬਾਦਲ ਦਲ ਬਨਾਮ ਪੰਥਕ ਧਿਰਾਂ ਬਣਦੀ ਦਿੱਖ ਰਹੀ ਹੈ। ਪਹਿਲਾਂ ਵੀ ਅੰਮ੍ਰਿਤਪਾਲ ਸਿੰਘ ਤੇ 35-40 ਹੋਰ ਸਿੰਘਾ ਤੇ ਹੋਈ ਕਾਰਵਾਈ ਤੋਂ ਵੀ ਇਹੋ ਮਹਿਸੂਸ ਹੁੰਦਾ ਹੈ ਕਿ ਪੰਜਾਬ ਦੀਆਂ ਸਿਆਸੀ ਧਿਰਾਂ ਆਮ ਆਦਮੀ ਪਾਰਟੀ, ਬੀ ਜੇ ਪੀ , ਕਾਂਗਰਸ , ਤੇ ਅਕਾਲੀ ਬਾਦਲ ਦਲ ਸਾਰਿਆਂ ਨੂੰ ਅੰਮ੍ਰਿਤਪਾਲ ਸਿੰਘ ਦੀ ਵੱਧਦੀ ਲੋਕਪ੍ਰਿਅਤਾ ਤੇ ਸੰਗਤਾਂ ਦਾ ਮਿਲ ਰਿਹਾ ਸਹਿਯੋਗ ਰਾਸ ਨਹੀ ਸੀ ਆ ਰਿਹਾ । ਤਾਂ ਹੀ ਸਾਰੇ ਇਕ ਸੁਰ ਵਿੱਚ ਉਸਦੀ ਗ੍ਰਿਫਤਾਰੀ ਦੀ ਮੰਗ ਕਰ ਰਹੇ ਸੀ । ਸ਼ਹੀਦ ਜਰਨਲ ਸੁਬੇਗ ਸਿੰਘ ਸਪੋਰਟ ਕਲੱਬ ਕਨੇਡਾ ਵੱਲੋ ਅਸੀਂ ਹਲਕਾ ਖਡੂਰ ਸਹਿਬ ਦੇ ਵੋਟਰਾਂ ਨੂੰ ਅਪੀਲ ਕਰਦੇ ਹਾਂ ਕਿ ਇਸ ਵਾਰ ਪਾਰਟੀ ਬਾਜ਼ੀ ਤੋਂ ਉੱਪਰ ਉੱਠਕੇ ਭਾਈ ਅੰਮ੍ਰਿਤਪਾਲ ਸਿੰਘ ਦਾ ਸਾਥ ਦਿਉ । ਅੰਮ੍ਰਿਤਪਾਲ ਸਿੰਘ ਸਿੱਖ ਕੋਮ ਦੀ ਅਵਾਜ ਨੂੰ ਪਾਰਲੀਮੈਂਟ ਤੇ ਮੀਡੀਆ ਰਾਹੀ ਦੁਨੀਆ ਸਾਹਮਣੇ ਰੱਖ ਸਕਦਾ ਹੈ । ਅਸੀ ਹਮੇਸ਼ਾ ਗੱਲ ਕਰਦੇ ਕੀ ਲੀਡਰ ਨਹੀ ਮਿਲਦਾ ਲੀਡਰ ਨਹੀ ਮਿਲਦਾ ਇਸ ਵਾਰ ਸਾਨੂੰ ਲੀਡਰ ਮਿਲਿਆ ਏ ਹੁਣ ਸਾਡਾ ਫਰਜ ਬਣਦਾ ਹੈ ਆਪਣੇ ਲੀਡਰ ਨੂੰ ਜੇਲ ਚੋ ਬਾਹਰ ਲੈਕੇ ਆਉਣ ਦਾ। ਸਾਡੀ ਨਸ਼ਿਆ ਚ ਗਰਕ ਹੋ ਰਹੀ ਨੌਜਵਾਨੀ ਨੂੰ ਸਿੱਧੇ ਰਾਹੇ ਪਾਉਣ ਵਾਲਾ ਤੇ ਪੰਜਾਬ ਤੇ ਬਾਹਰ ਬੈਠੀ ਸਿੱਖ ਨੌਜਵਾਨੀ ਜੋ ਬਾਣੇ ਬਾਣੀ ਤੋ ਦੂਰ ਹੋਈ ਬੈਠੀ ਸੀ, ਨੂੰ ਮੁੜ ਅਨੰਦਪੁਰ ਸਹਿਬ ਦੇ ਵਾਸੀ ਬਣਨ ਲਈ ਅਵਾਜ ਭਾਈ ਸਾਬ ਨੇ ਮਾਰੀ ਸੀ। ਜੇਕਰ ਸਾਰੇ ਹੀ ਪੰਜਾਬ ਨੂੰ ਬਚਾਉਣਾ ਚਾਹੁੰਦੇ ਹੋ । ਤਾਂ ਆਉ ਰਲ ਕੇ ਹੰਭਲਾ ਮਾਰੀਏ ਤੇ ਇੱਕ ਇਤਿਹਾਸਕ ਜਿੱਤ ਪ੍ਰਾਪਤ ਕਰ ਕੇ ਪੰਥ ਦੀ ਝੋਲੀ ਪਾਈਏ ਬਾਕੀ ਜੋ ਪਿੱਛਲੀ ਵਾਰ ਵੀ ਬੀਬੀ ਖਾਲੜਾ ਨੂੰ 2 ਲੱਖ 14 ਹਜ਼ਾਰ 500 ਵੋਟਾਂ ਪਾਉਣ ਵਾਲਿਆਂ ਦਾ ਅਸੀ ਧੰਨਵਾਦ ਕਰਦੇ ਹਾਂ । ਤੇ ਬਾਕੀਆਂ ਨੂੰ ਵੀ ਬੇਨਤੀ ਕਰਦੇ ਹਾਂ ਕਿ ਪਿਛਲੀ ਵਾਰ ਵਾਲੀ ਗਲਤੀ ਨੂੰ ਸੁਧਾਰਨ ਦਾ ਤੁਹਾਡੇ ਕੋਲ ਮੌਕਾ ਹੈ । ਬਾਕੀ ਇੱਕ ਗੱਲ ਕੌਮੀ ਯੋਧੇ ਦੀਪ ਸਿੰਘ ਸਿੱਧੂ ਨੇ ਕਹੀ ਸੀ ਕਿ ਪੰਥ ਦਾ ਮਿਹਣਾ ਸਦੀਆ ਤੱਕ ਪਿੱਛਾ ਨਹੀ ਛੱਡਦਾ ਤੁਹਾਡੇ ਕੋਲ ਤਾਂ ਪੰਜ ਸਾਲ ਬਾਅਦ ਹੀ ਮੌਕਾ ਆ ਗਿਆ । ਖਡੂਰ ਸਾਹਿਬ ਵਾਲਿਓ ਲਾਹ ਦਿਉ ਮਿਹਣਾ ਧੋਹ ਦਿਓ ਦਾਗ ਜੋ ਬੀਬੀ ਖਾਲੜਾ ਵਖਤ ਮੱਥੇ ਲੱਗ ਗਏ ਸੀ । ਵਾਹਿਗੁਰੂ ਨੇ ਤਹਾਨੂੰ ਮਾਣ ਬਖਸ਼ਿਸ਼ ਕਰਨਾ ਯਾਦ ਰੱਖਿਓ । ਤੇ ਪੰਥਕ ਧਿਰ ਸ੍ਰੌਮਣੀ ਅਕਾਲੀ ਦਲ ਅੰਮ੍ਰਿਤਸਰ ਸ: ਸਿਮਰਜੀਤ ਸਿੰਘ ਮਾਨ ਤੇ ਪਾਰਟੀ ਦੇ ਵਰਕਰਾ ਦਾ ਵੀ ਬਹੁਤ ਬਹੁਤ ਧੰਨਵਾਦ ਜਿੰਨਾ ਨੇ ਆਪਣਾ ਉਮੀਦਵਾਰ ਵਾਪਸ ਲੈਕੇ ਅੰਮ੍ਰਿਤਪਾਲ ਸਿੰਘ ਨੂੰ ਸਮਰਥਨ ਦਿੱਤਾ ਹੈ । ਵਿਸ਼ੇਸ਼ ਸ਼ੁਕਰਾਨੇ ਸਰਦਾਰ ਹਰਪਾਲ ਸਿੰਘ ਬੁਲੇਰ ਜਿੰਨਾ ਨੇ ਪਾਰਟੀ ਦਾ ਤੇ ਆਪਣੇ ਸਿੱਖ ਹੋਣ ਦਾ ਮਾਣ ਵਧਾਇਆ ਭਾਈ ਅੰਮ੍ਰਿਤਪਾਲ ਸਿੰਘ ਹੁਣਾ ਲਈ ਮੈਦਾਨ ਖਾਲੀ ਛੱਡ ਦਿੱਤਾ ।

# ਸਿੱਖ ਪੰਥ ਦੇ ਮਹਾਨ ਜਰਨੈਲ ਮਹਾਰਾਜਾ ਜੱਸਾ ਸਿੰਘ ਜੀ ਰਾਮਗੜ੍ਹੀਆ ਦਾ ਜਨਮ ਦਿਹਾੜਾ ਮਨਾਇਆ ਗਿਆ








ਸਿੱਖ ਪੰਥ ਦੇ ਮਹਾਨ ਜਰਨੈਲ ਮਹਾਰਾਜਾ ਜੱਸਾ ਸਿੰਘ ਜੀ ਰਾਮਗੜ੍ਹੀਆ ਦਾ ਜਨਮ ਦਿਹਾੜਾ ਜੱਸਾ ਸਿੰਘ ਰਾਮਗੜ੍ਹੀਆ ਹਾਲ ਬਟਾਲਾ ਵਿਖੇ ਬਹੁਤ ਉਤਸ਼ਾਹ ਸਹਿਤ ਮਨਾਇਆ ਗਿਆ ਜਿਥੇ ਦਮਦਮੀ ਟਕਸਾਲ ਦੇ ਗਿਆਨੀ ਪਲਵਿੰਦਰਪਾਲ ਸਿੰਘ ਬੁੱਟਰ ਨੇ ਸੰਗਤਾਂ ਨੂੰ ਗੁਰਬਾਣੀ ਕਥਾ ਦੁਆਰਾ ਨਿਹਾਲ ਕੀਤਾ।

# ਮੰਗਾਂ ਨੂੰ ਲੈਕੇ ਆਸ਼ਾ ਵਰਕਰਜ਼ ਫੈਸੀਲਿਟੇਟਰ ਸਾਂਝਾ ਮੋਰਚਾ ਪੰਜਾਬ ਨੇ ਕੀਤੀ ਮੀਟਿੰਗ

## 12 ਮਈ ਨੂੰ ਡਾ .ਬਲਵੀਰ ਸਿੰਘ ਸਿਹਤ ਮੰਤਰੀ ਪੰਜਾਬ ਨੂੰ ਸੌਂਪਾਂਗੇ ਮੰਗ ਪੱਤਰ : ਰਾਣੋਂ ਖੇੜੀ ਗਿੱਲਾਂ



ਸੰਗਰੂਰ,7 ਮਈ ( ਆਵਾਜ਼ਿ ਕੌਮ ਬਿਊਰੋ) - ਆਸ਼ਾ ਵਰਕਰਜ਼ ਫੈਸੀਲਿਟੇਟਰ ਸਾਂਝਾ ਮੋਰਚਾ ਪੰਜਾਬ ਵੱਲੋਂ ਆਪਣੀਆਂ ਮੰਗਾਂ ਨੂੰ ਲੈਕੇ ਅਹਿਮ ਮੀਟਿੰਗ ਕੀਤੀ ਗਈ ਹੈ ਜਿਸ ਵਿਚ ਵਿੱਚ ਸਾਝੇ ਮੋਰਚੇ ਦੇ ਚਾਰ ਜੱਥੇਬੰਦੀਆਂ ਦੇ ਕਨਵੀਨਰ ਅਮਰਜੀਤ ਕੌਰ ਰਣ ਸਿੰਘ ਵਾਲਾ, ਮਨਦੀਪ ਕੌਰ ਗੁਮਟਾਲਾ ਜਲੰਧਰ,ਰਾਣੋ ਖੇੜੀ ਗਿੱਲਾ ਸੰਗਰੂਰ, ਹਰਿੰਦਰ ਕੌਰ ਸਤਰਾਣਾ ਪਟਿਆਲਾ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਸਾਂਝੇ ਮੋਰਚੇ ਦੇ ਆਗੂਆਂ ਨੇ ਕਿਹਾ ਕਿ ਆਸਾਂ ਵਰਕਰਾਂ ਸਿਹਤ ਵਿਭਾਗ ਵਿੱਚ ਬੜੀ ਇਮਾਨਦਾਰੀ ਨਾਲ ਸੇਵਾ ਨਿਭਾਅ ਰਹੀਆ ਹਨ ਪਰ ਵਿਭਾਗ ਵੱਲੋਂ ਹੁਣ ਇੱਕ ਦਮ ਬਿਨਾ ਕੁੱਝ ਸੋਚਿਆ ਸਮਝਿਆ ਇੱਕ ਪੱਤਰ ਜਾਰੀ ਕੀਤਾ ਗਿਆ ਹੈ ਜਿਸ ਵਿੱਚ 58 ਸਾਲ ਦੀਆ ਆਂਸਾਂ ਵਰਕਰਾਂ ਨੂੰ ਕੰਮ ਤੋਂ ਸੇਵਾ ਮੁਕਤ ਕਰਨ ਲਈ ਆਖਿਆ ਗਿਆ ਹੈ। ਆਗੂਆਂ ਨੇ ਕਿਹਾ ਕਿ ਉਕਤ ਤਾਨਾਸ਼ਾਹੀ ਪੱਤਰ ਦਾ ਹਵਾਲਾ ਦੇ ਕੇ ਸਿਵਲ ਸਰਜਨ ਵੱਲੋ ਅਧਿਕਾਰੀਆਂ ਨੂੰ ਹਦਾਇਤਾਂ ਕੀਤੀਆਂ ਗਈਆਂ ਹਨ ਕਿ ਕਿ ਇਹਨਾ ਨੂੰ ਖਾਲੀ ਹੱਥ ਘਰ ਤੋਰਿਆ ਜਾਵੇ। ਉਨ੍ਹਾਂ ਕਿਹਾ ਕਿ ਸਭ ਤੋਂ ਵੱਡੀ ਗੱਲ ਇਹ ਹੈ ਕਿ ਇਹ ਪ੍ਰਕਿਰਿਆ ਨੂੰ ਚੋਣ ਜਾਬਤਾ ਵਿੱਚ ਹੀ ਚਾਲੂ ਕੀਤਾ ਗਿਆ ਹੈ। ਆਸਾਂ ਵਰਕਰਾਂ ਨੂੰ ਘਰ ਤੋਰਨ ਦੇ ਪੱਤਰ ਕੱਢ ਕੇ ਅਪ੍ਰੈਲ ਤੋ ਇੰਨਸੈਟਿਵ ਤੇ ਕੰਮ ਕਰਨ ਤੋ ਬੰਦ ਕਰ ਦਿੱਤਾ ਹੈ ਤੇ ਅਸੀਂ ਇਸ ਪਾਲਿਸੀ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕਰਦੇ ਹਾਂ। ਮੋਰਚੇ ਦੇ ਆਗੂਆਂ ਨੇ ਕਿਹਾ ਇਸ ਦੀ ਤੁਰੰਤ ਰੋਕਥਾਮ ਲਈ ਲਗਾਤਾਰ ਸਿਹਤ ਮੰਤਰੀ ਪੰਜਾਬ, ਮਿਸਨ ਡਾਇਕਟੈਰ ਪੰਜਾਬ,ਮੁੱਖ ਸਕੱਤਰ ਦੇ ਨਾਮ ਰਜਿਸਟਰੀ ਕੀਤੀ ਗਈ ਅਤੇ ਲਗਾਤਾਰ ਕੁਲਤਾਰ ਸਿੰਘ ਸੰਧਵਾ ਵਿਧਾਨ ਸਭਾ ਸਪੀਕਰ ਪੰਜਾਬ ਨੂੰ ਮੰਗ ਪੱਤਰ ਸੌਂਪਿਆ ਗਿਆ ਪ੍ਰੰਤੂ ਸਾਡੇ ਵੱਲ ਉਕਾ ਧਿਆਨ ਨਹੀਂ ਕੀਤਾ ਗਿਆ। ਮੌਰਚੇ ਦੀ ਆਗੂ ਰਾਣੋਂ ਖੇੜੀ ਗਿੱਲਾਂ ਨੇ ਕਿਹਾ ਕਿ ਹੁਣ ਮਜਬੂਰ ਹੋ ਕੇ ਅਸੀਂ 12 ਮਈ ਨੂੰ ਸਿਹਤ ਮੰਤਰੀ ਪੰਜਾਬ ਡਾ ਬਲਵੀਰ ਸਿੰਘ ਨੂੰ ਸਾਝੇਂ ਮੋਰਚੇ ਦੇ ਕਨਵੀਨਰ ਦੀ ਅਗਵਾਈ ਵਿਚ ਘੱਟੋ-ਘੱਟ 100 ਸਾਥੀਆ ਦੇ ਮਾਸ ਡੈਪੂਟੇਸ਼ਨ ਵੱਲੋਂ ਮੰਗ ਪੱਤਰ ਦੇਵਾਂਗੇ। ਉਨ੍ਹਾਂ ਕਿਹਾ ਕਿ ਸਾਡੀਆਂ ਮੁੱਖ ਮੰਗਾਂ ਵਿੱਚ 58 ਸਾਲ ਦੀ ਉਮਰ ਹੱਦ ਵਧਾ ਕੇ 65 ਸਾਲ ਕੀਤੀ ਜਾਵੇ , ਘਰ ਜਾਣ ਤੇ ਘੱਟੋ ਘੱਟ ਗ੍ਰੈਜੈਟੀ 5 ਪੰਜ ਲੱਖ ਰੁਪਏ ਦਿੱਤਾ ਜਾਵੇ ,ਮਿਲਣ ਵਾਲੇ ਭੱਤੇ ਵਿੱਚ ਪੈਨਸ਼ਨ 10 ਹਜ਼ਾਰ ਦਿੱਤੀ ਜਾਵੇ ਅਤੇ ਸੇਵਾਮੁਕਤੀ ਵਾਲੀ ਆਸਾ ਦੇ ਪਰਵਾਰ ਨੂੰ ਭਰਤੀ ਲਈ ਪਹਿਲ ਦਿੱਤੀ ਜਾਵੇ । ਇਸ ਮੌਕੇ ਸਕੁੰਤਲਾ ਸਰੋਏ, ਪਰਮਜੀਤ ਕੌਰ ਮਾਨ, ਬਲਵੀਰ ਕੌਰ ਗਿੱਲ, ਸੁਖਵਿੰਦਰ ਕੌਰ ਸੁੱਖੀ ਮਾਨਸਾ, ਰਾਣੋ ਮਲੇਰਕੋਟਲਾ, ਸਿਮਰਨਪ੍ਰੀਤ ਕੌਰ ਮਲੇਰਕੋਟਲਾ, ਜਸਵੀਰ ਕੌਰ ਮਲੇਰਕੋਟਲਾ, ਸਿੰਬਲਜੀਤ ਕੌਰ ਝੱਖੜਵਾਲਾ ਫਰੀਦਕੋਟ, ਸੁੱਖਮੰਦਰ ਕੌਰ ਮੱਤਾ ਫਰੀਦਕੋਟ ਆਦਿ ਨੇ ਕਿਹਾ ਕਿ ਜੇਕਰ ਸਿਹਤ ਵਿਭਾਗ ਦੇ ਉੱਚ ਅਧਿਕਾਰੀਆਂ ਵੱਲੋਂ 58 ਸਾਲ ਦੀ ਉਮਰ ਪੂਰੀ ਕਰ ਚੁੱਕੀਆਂ ਆਸ਼ਾ ਵਰਕਰਾਂ ਨੂੰ ਫਾਰਗ ਕਰਕੇ ਘਰ ਤੋਰਨ ਦੀ ਪ੍ਰਕਿਰਿਆ ਨੂੰ ਜਾਰੀ ਰੱਖਿਆ ਤਾਂ ਸਾਂਝਾ ਮੋਰਚਾ ਆਰ-ਪਾਰ ਦੀ ਲੜਾਈ ਲਈ ਤਿਆਰ ਹੈ।